੧ ਓ ਸਤਿਗੁਰਪ੍ਰਸਾਦਿ ॥

ਟ੍ਰੈਕਟ ਨੰ: ੧

ਸਿੱਖੀ ਤੇ ਕਮਿਊਨਿਜ਼ਮ

BOOK BELONGS TO MOHAN SINGH VAID & SONS
ਇਸ ਪੁਸਤਕ ਦਾ ਮਾਲਕ
ਭਾਈ ਮੋਹਨ ਸਿੰਘ ਵੈਦ ਐਂਡ ਸੰਨਜ਼
ਤਰਨ ਤਾਰਨ (ਪੰਜਾਬ)
TARN TARAN (PUNJAB)

ਲੇਖਕ—

ਮਾਸਟਰ ਤਾਰਾ ਸਿੰਘ ਜੀ

ਲਾਇਬ੍ਰੇਰੀ
ਭਾਈ ਮੋਹਨ ਸਿੰਘ ਜੀ ਵੈਦ
ਤਰਨ ਤਾਰਨ

ਪ੍ਰਕਾਸ਼ਕ—

ਪੰਥਕ ਟ੍ਰੈਕਟ ਸੁਸਾਇਟੀ

ਹਾਲ ਬਾਜ਼ਾਰ ਅੰਮ੍ਰਿਤਸਰ

ਜੂਨ ੧੯੫੦ | ਭੇਟਾ ਤਿੰਨ ਆਨੇ

13 JUN 1950

ਮੌਜੂਦਾ ਸਿੱਖ ਰਾਜ-ਨੀਤੀ ਤੇ ਪੰਥਕ ਹਾਲਾਤ ਸੰਬੰਧੀ

ਸ੍ਰੀ ਮਾਨ ਮਾ: ਤਾਰਾ ਸਿੰਘ ਜੀ ਦੇ ਨਵੀਨ ਰਚਿਤ

ਪੰਥਕ ਟ੍ਰੈਕਟ

ਹਰ ਮਹੀਨੇ ਸ੍ਰੀ ਅੰਮ੍ਰਿਤਸਰ ਜੀ ਤੋਂ ਪ੍ਰਕਾਸ਼ਤ ਕੀਤੇ ਜਾ ਰਹੇ ਹਨ।
ਇਹ ਟ੍ਰੈਕਟ ਹਰ ਮਾਈ ਭਾਈ ਨੂੰ ਜ਼ਰੂਰ ਪੜ੍ਹਨੇ ਚਾਹੀਦੇ ਹਨ।

ਸਮੂਹ ਪੰਥ-ਦਰਦੀਆਂ, ਸਿੰਘ ਸਭਾਵਾਂ ਤੇ ਜਥਿਆਂ ਦਾ ਫਰਜ਼ ਹੈ ਕਿ ਉਹ ਪੰਥਕ ਪ੍ਰਚਾਰ ਲਈ ਇਹ ਟ੍ਰੈਕਟ ਵਧ ਤੋਂ ਵਧ ਗਿਣਤੀ ਵਿਚ ਮੰਗਵਾ ਕੇ ਏਸ ਮਹਾਨ ਪੰਥਕ ਕਾਰਜ ਵਿਚ ਹਿੱਸਾ ਲੈਣ। ਭੇਟਾ ਤਿੰਨ ਆਨੇ ਫ਼ੀ ਕਾਪੀ ਤੇ ਇਕੱਠੇ ੧੪-) ਫ਼ੀ ਸੈਂਕੜਾ।

ਪੰਥਕ ਟ੍ਰੈਕਟ ਸੁਸਾਇਟੀ ਦੇ ਸਹਾਇਕ ਮੈਂਬਰਾਂ ਲਈ ਸਾਲਾਨਾ ਚੰਦਾ ਤਿੰਨ ਰੁਪੈ ਹੈ, ਜਿਨ੍ਹਾਂ ਨੂੰ ਹਰੇਕ ਟ੍ਰੈਕਟ ਡਾਕ ਰਾਹੀਂ ਭੇਜਿਆ ਜਾਂਦਾ ਹੈ।

ਅੱਜ ਹੀ ਤਿੰਨ ਰੁਪੈ ਸਾਲਾਨਾ ਚੰਦਾ ਭੇਜ ਕੇ ਸੁਸਾਇਟੀ ਦੇ ਸਹਾਇਕ ਮੈਂਬਰ ਬਣੋ ਤੇ ਪੰਥਕ ਪ੍ਰਚਾਰ ਵਿਚ ਹੱਥ ਵਟਾਓ।

57
4—0QW6N
13,350

ਚਿਠੀ ਪੱਤ੍ਰ ਦਾ ਪਤਾ—

ਸਕੱਤ੍ਰ—ਪੰਥਕ ਟ੍ਰੈਕਟ ਸੁਸਾਇਟੀ
ਹਾਲ ਬਾਜ਼ਾਰ ਅੰਮ੍ਰਿਤਸਰ

ਮੁਖ-ਬੰਦ

ਅਜ ਕਲ ਦੁਨੀਆਂ ਵਿਚ ਕਮਿਊਨਿਜ਼ਮ ਦੀ ਬਹੁਤ ਚਰਚਾ ਹੈ ਤੇ ਸਾਡੇ ਦੇਸ ਵਿਚ ਤਾਂ ਸਾਡੀ ਸਰਕਾਰ ਇਹ ਚਰਚਾ ਵਧਾ ਰਹੀ ਹੈ। ਮੈਂ ਕਮਯੂਨਿਜ਼ਮ ਦੇ ਵਿਰੁਧ ਹਾਂ ਤੇ ਇਸ ਕਰਕੇ ਵਿਰੁਧ ਹਾਂ ਕਿ ਇਸ ਤੋਂ ਸਿਖ ਧਰਮ ਨੂੰ ਖਾਸ ਤੌਰ ਤੇ ਖਤਰਾ ਹੈ। ਨਾਸਤਕਤਾ ਦਾ ਪ੍ਰਚਾਰ ਤਾਂ ਹਰ ਇਕ ਧਰਮ ਲਈ ਖਤਰਨਾਕ ਹੈ ਸਵਾਏ ਹਿੰਦੂ ਧਰਮ ਦੇ, ਕਿਉਂਕਿ ਨਾਸਤਕ ਮਤ ਭੀ ਹਿੰਦੂ ਧਰਮ ਦੀ ਇਕ ਸੰਪ੍ਰਦਾ ਹੈ। ਨਾਸਤਕ ਬਣ ਕੇ ਕੋਈ ਵੇਦਾਂ ਸ਼ਾਸਤ੍ਰਾਂ ਜਾਂ ਹੋਰ ਹਿੰਦੂਆਂ ਦੇ ਅਸੂਲਾਂ ਤੋਂ ਮੁਨਕਰ ਹੋ ਜਾਵੇਗਾ, ਪਰ ਨਾਸਤਕ ਹੁੰਦਾ ਹੋਇਆ ਭੀ ਓਹ ਹਿੰਦੂ ਹੀ ਰਹੇਗਾ। ਪਰ ਜੋ ਵਾਹਿਗੁਰੂ ਨੂੰ ਮੰਨਣੋਂ ਜਾਂ ਦਸਾਂ ਗੁਰੂਆਂ ਨੂੰ ਮਨਣੋਂ ਜਾਂ ਗੁਰੂ ਗ੍ਰੰਥ ਸਾਹਿਬ ਨੂੰ ਮਨਣੋਂ ਹੱਟ ਗਿਆ ਓਹ ਸਿਖੀਓਂ ਪਰੇ ਹੋ ਗਿਆ। ਇਸ ਲਈ ਹਰ ਇਕ ਸਿਖ ਕਮਯੂਨਿਜ਼ਮ ਦੇ ਵਿਰੁਧ ਹੈ। ਪਰ ਸਿਖੀ ਦੇ ਮੁਢਲੇ ਅਸੂਲਾਂ ਵਿਚੋਂ ਹੈ "ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ।" ਇਸ ਅਸੂਲ ਦੀ ਸਾਂਝ ਸਾਡੀ ਜ਼ਰੂਰ ਕਮਯੂਨਿਸਟਾਂ ਨਾਲ ਹੈ। ਇਸ ਗਲ ਨੂੰ ਮੁਖ ਰਖਕੇ ਮੈਂ ਕਹਿੰਦਾ ਹਾਂ ਕਿ **ਹਰ ਇਕ ਸੱਚਾ ਸਿਖ ਕਮਯੂਨਿਸਟ ਹੈ। ਪਰ ਕੋਈ ਸੱਚਾ ਕਮਯੂਨਿਸਟ ਸਿਖ ਨਹੀਂ ਹੋ ਸਕਦਾ।** ਮੇਰਾ ਭਾਵ ਇਹ ਹੈ ਕਿ ਕੋਈ ਸਿਖ ਸਚਾ ਸਿਖ ਹੋਣ ਦਾ ਦਾਵਾ ਨਹੀਂ ਕਰ ਸਕਦਾ ਜੋ "ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ" ਦੇ ਅਸੂਲ ਨੂੰ ਨਹੀਂ ਅਪਨਾਂਦਾ, ਤੇ ਕੋਈ ਕਮਯੂਨਿਸਟ ਸਚਾ ਕਮਯੂਨਿਸਟ ਨਹੀਂ ਹੋ ਸਕਦਾ ਜੋ ਨਾਸਤਕ ਨਹੀਂ ਹੋਂਦਾ। ਬੇਸ਼ਕ ਇਸ ਸਮੇਂ ਕਮਯੂਨਿਸਟਾਂ ਨੇ ਆਸ-ਤਕ ਰਹਿਣ ਦੀ ਖੁਲ੍ਹ ਕੀਤੀ ਹੋਈ ਹੈ ਪਰ ਉਚ ਆਗੂਆਂ ਵਿਚ ਕੋਈ ਆਸਤਕ ਨਹੀਂ ਗਿਣਿਆ ਜਾ ਸਕਦਾ ਹੈ। ਆਸਤਕ ਕਮਯੂਨਿਸਟਾਂ ਦੀ ਉਹੋ ਪੋਜ਼ੀਸ਼ਨ ਹੈ ਜੋ ਸਾਡੇ ਵਿਚ ਸਹਿਜਧਾਰੀ ਸਿਖਾਂ ਦੀ ਹੈ। ਜਿਓਂ

ਕਹੋ ਕਿ ਆਸਤਕ ਕਮਯੂਨਿਸਟਾਂ ਦੇ "ਸਹਿਜਧਾਰੀ" ਹਨ।

ਸਰਕਾਰ ਹੈ ਤਾਂ ਕਮਿਊਨਿਜ਼ਮ ਦੇ ਵਿਰੁਧ, ਪਰ ਇਸ ਦੇ ਆਗੂਆਂ ਵਿਚ ਕਈ ਹਨ ਜਿਨ੍ਹਾਂ ਨੂੰ ਅਕਲ ਨਹੀਂ ਹੈ ਕਿ ਕਮਿਊਨਿਜ਼ਮ ਕਿਉਂ ਰੋਕਣਾ ਚਾਹੀਦਾ ਹੈ ਤੇ ਕਿਸ ਤਰ੍ਹਾਂ ਰੋਕਣਾ ਚਾਹੀਦਾ ਹੈ। ਅਜੇਹੇ ਬੇ-ਸਮਝ ਆਗੂਆਂ ਤੋਂ 'ਸਮਝ' ਪ੍ਰਾਪਤ ਕਰਕੇ ਸਰਕਾਰੀ ਮੁਲਾਜ਼ਮ ਕਮਿਊਨਿਸਟਾਂ ਦੇ ਵਿਰੁਧ ਇਸ ਤਰ੍ਹਾਂ ਦੀ ਬੇਹੂਦਾ ਸਖਤੀ ਕਰ ਰਹੇ ਹਨ ਜਿਸ ਨਾਲ ਕਮਿਊਨਿਜ਼ਮ ਦਾ ਪ੍ਰਚਾਰ ਵਧੇਗਾ। ਜੇ ਕੋਈ ਪਾਣੀ ਦਾ ਚਸ਼ਮਾ ਕਿਧਰੇ ਫੁਟ ਪਵੇ ਤਾਂ ਚੰਗੀ ਗਲ ਹੈ ਕਿ ਉਸ ਦੇ ਪਾਣੀ ਨੂੰ ਕਿਸੇ ਖੇਤੀ ਦੇ ਕੰਮ ਜਾਂ ਕਿਸੇ ਹੋਰ ਚੰਗੇ ਕੰਮ ਵਰਤੋ, ਤੇ ਜੇ ਇਸ ਤਰ੍ਹਾਂ ਨਾ ਵਰਤ ਸਕੋ ਤਾਂ ਉਸ ਨੂੰ ਨਿਵਾਣ ਵਾਲੇ ਪਾਸੇ ਵਗਣ ਦਿਓ। ਫਿਰ ਤਾਂ ਉਹ ਕੋਈ ਨਦੀ ਨਾਲਾ ਬਣ ਕੇ ਵਗਦਾ ਰਹੇਗਾ ਤੇ ਕਈ ਕੰਮ ਸਵਾਰਦਾ ਰਹੇਗਾ। ਪਰ ਜੇ ਤੁਸੀਂ ਉਸ ਨੂੰ ਪਹਾੜਾਂ ਵਿਚ ਡਕ ਬੰਨ੍ਹ ਕੇ ਰੋਕ ਦੇਵੋਗੇ ਤਾਂ ਪਾਣੀ ਜਮ੍ਹਾਂ ਹੁੰਦਾ ਰਹੇਗਾ ਤੇ ਜਦ ਪਾਣੀ ਦਾ ਇਤਨਾ ਜ਼ੋਰ ਵਧਿਆ ਕਿ ਉਸ ਨੇ ਡੱਕ ਨੂੰ ਤੋੜ ਦਿਤਾ ਤਾਂ ਇਕੋ ਵੇਰਾਂ ਅਜੇਹਾ ਹੜ੍ਹ ਆਵੇਗਾ ਕਿ ਸਭ ਪਾਸੇ ਪਾਣੀ ਖਿਲਰ ਕੇ ਤਬਾਹੀ ਹੀ ਕਰਦਾ ਜਾਵੇਗਾ। ਕਿਸੇ ਖਿਆਲ ਨੂੰ ਜਿਸ ਦੇ ਕਿਸੇ ਅੰਸ਼ ਵਿਚ ਸਚਾਈ ਹੈ ਤੁਸੀਂ ਜ਼ੋਰ ਨਾਲ ਨਹੀਂ ਦਬਾ ਸਕਦੇ। ਕਮਿਊਨਿਜ਼ਮ ਖੜਾ ਹੈ "ਗਰੀਬਾਂ ਦਾ ਬਚਾਓ" ਦੇ ਅਸੂਲ ਉਤੇ ਤੇ ਇਸ ਅਸੂਲ ਨੂੰ ਮੁੜ ਉਜਾਗਰ ਕਰਨ ਦੀ ਲੋੜ ਇਸ ਵਾਸਤੇ ਪਈ ਸੀ ਕਿ ਜਮਾਨੇ ਦੇ ਹਾਲਾਤ ਨੇ ਧਰਮ ਵਿਚੋਂ (ਸਣੇ ਸਿਖ ਧਰਮ ਦੇ) ਇਹ ਅਸੂਲ ਗੁਮ ਕਰ ਦਿਤਾ ਸੀ, ਸਿਖ ਧਰਮ ਦਾ ਅਸੂਲ ਹੈ ਕਿ ਕੋਈ ਭੁਖਾ ਨਹੀਂ ਰਹਿਣਾ ਚਾਹੀਦਾ, ਭਾਵੇਂ ਕੋਈ ਜਾਣ ਬੁਝਕੇ ਕੰਮ ਕਰਨੋਂ ਨਾਂਹ ਕਰੇ। ਜਿਸ ਤਰ੍ਹਾਂ ਟਬਰ ਵਿਚ ਮਖੱਟੂ ਨੂੰ ਭੀ ਰੋਟੀ ਮਿਲਦੀ ਹੈ ਭਾਵੇਂ ਉਸ ਨੂੰ ਚੰਗੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ। ਇਸੇ ਤਰ੍ਹਾਂ ਇਹ ਦੁਨੀਆਂ ਇਕ ਟਬਰ ਹੈ ਜਿਸ ਵਿਚ ਭੁਖਾ ਤਾਂ ਮਖਟੂ ਭੀ ਨਹੀਂ ਰਹਿਣਾ ਚਾਹੀਦਾ। ਇਸੇ ਅਸੂਲ ਨੂੰ ਮੁਖ ਰਖਕੇ ਪਿਛਲੇ ਸਮੇਂ ਵਿਚ ਥਾਂ ਥਾਂ ਲੰਗਰ ਲਾਏ ਜਾਂਦੇ ਸਨ ਤੇ ਇਹਨਾਂ ਲੰਗਰਾਂ ਨੂੰ ਬਾਦਸ਼ਾਹ ਭੀ ਜਗੀਰਾਂ ਲਾਂਦੇ ਸਨ ਤੇ ਲੰਗਰਾਂ ਵਿਚ

ਰਸਦ ਦੇਣਾ ਹਰ ਇਕ ਆਦਮੀਂ ਮੁਖ ਧਰਮ ਸਮਝਦਾ ਸੀ । ਗਰੀਬ ਨੂੰ ਰੋਟੀ ਖਵਾਣਾ ਜਾਂ ਸੰਗਤਾਂ ਨੂੰ ਮਾਇਆ ਦੇਣਾ ਧਰਮ ਸਮਝਿਆ ਜਾਂਦਾ ਸੀ । ਪਰ ਪਛਮੀ ਤਾਜ਼ੀਬ ਆਈ । ਲੰਗਰਾਂ ਵਿਚ ਆਟਾ ਦਾਣਾ ਵੇਹ-ਲੜਾਂ ਨੂੰ ਪਾਲਨਾ ਸਮਝਿਆ ਜਾਣ ਲਗਾ ਤੇ ਜੇ ਕੋਈ ਗ੍ਰੀਬ ਪੈਸਾ ਮੰਗੇ ਤਾਂ ਉਸ ਨੂੰ ਇਹ ਕਹਿਕੇ ਦੁਰਕਾਰਣਾ ਸ਼ੁਰੂ ਹੋਇਆ ਕਿ "ਜਾ, ਕਿਧਰੇ ਕੰਮ ਕਰਕੇ ਖਾ ।" ਇਹ ਤਾਂ ਕੋਈ ਪੁਛਣ ਦੀ ਲੋੜ ਹੀ ਨਹੀਂ ਸਮਝਦਾ ਕਿ ਇਸ ਨੂੰ ਕਿਧਰੇ ਕੰਮ ਮਿਲਦਾ ਭੀ ਹੈ ਕਿ ਨਹੀਂ । ਕਈ ਭੁਖੇ ਆਤਮ ਘਾਤ ਕਰ ਗਏ ਤੇ ਕਈ ਭੁਖੇ ਜੁਰਮਾਂ ਵਿਚ ਲਗ ਗਏ । ਦੁਨੀਆਂ ਦੀ ਇਸ ਭੈੜੀ ਦਸ਼ਾ ਵਿਚ ਹਮਦਰਦੀ ਦਾ ਅੰਸ਼ ਰਖਣ ਵਾਲੇ ਕਈ ਸਜਣਾਂ ਨੇ ਕਈ ਵਿਓਂਤਾਂ ਕਢੀਆਂ । ਇੰਗਲੈਂਡ ਵਿਚ ਹਰ ਵਿਹਲੇ ਨੂੰ ਰੋਟੀ ਜੋਗਾ ਅਲੌਂਸ ਮਿਲਦਾ ਹੈ । ਰੂਸ ਵਿਚ ਕਮਿਊਨਿਜ਼ਮ ਦੀ ਵਿਓਂਤ ਨਿਕਲੀ ਤੇ ਇਸ ਵਿਚ ਨਾਸਤਕਤਾ ਨਾਲ ਹੀ ਸ਼ਾਮਲ ਕੀਤੀ ਗਈ ਕਿਉਂਕਿ ਉਥੇ ਧਰਮ ਦੇ ਨਾਮ ਉਤੇ ਬਾਦਸ਼ਾਹ ਤੇ ਅਮੀਰ ਧੱਕਾ ਕਰਦੇ ਸਨ । ਸੋ ਏਓਂ ਸਮਝੋ ਕਿ ਧਰਮੀ ਠਗ ਇਸ ਨਾਸਤਕਤਾ ਦੇ ਕੁਧਰਮ ਦੇ ਜ਼ਿਮੇਂਵਾਰ ਹਨ।ਇਹਨਾਂ ਸਾਰੇ ਹਲਾਂ ਨਾਲੋਂ ਸਿਖੀਨੇ ਚੰਗਾ ਹਲ ਕੀਤਾ ਹੋਇਆਹੈ। "ਕਿਰਤ ਕਰਨਾ ਤੇ ਵੰਡ ਛਕਣਾ" ਸਿਖੀ ਦਾ ਅਸੂਲ ਹੈ ਇਹੋ ਅਸੂਲ ਕਮਿਊਨਿਜ਼ਮ ਦਾ ਹੈ। ਪਰ ਭਾਵ ਵਿਚ ਮੁਢਲਾ ਫਰਕ ਹੈ। ਸਿਖ ਤਾਂ ਆਪਣੀ ਕਮਾਈ ਵੰਡਦਾ ਹੈ "ਭਾਈ" ਨਾਲ ਤੇ ਕਮਿਊਨਿਸਟ ਵੰਡਦਾ ਹੈ "ਸਾਥੀ" ਨਾਲ । ਸਿਖੀ ਦੀ ਵੰਡ ਪਰੇਮ ਉਤੇ ਖੜੀ ਹੈ ਤੇ ਕਮਿਊਨਿਜ਼ਮ ਦੀ ਹੋਰ ਉਤੇ । ਇਸ ਕਰਕੇ ਕਮਿਊਨਿਜਮ ਬਹੁਤਾ ਚਿਰ ਕਾਮਯਾਬ ਨਹੀਂ ਰਹਿ ਸਕਦਾ । ਇਹ ਗਲ ਮੈਂ ਕਿਸੇ ਹੋਰ ਮਜ਼ਮੂਨ ਵਿਚ ਵਿਸਥਾਰ ਨਾਲ ਲਿਖੀ ਹੈ । ਇਸ ਮੁਖਬੰਦ ਵਿਚ ਦੁਹਰਾਣ ਦੀ ਲੋੜ ਨਹੀਂ ਹੈ,ਮੈਂ ਪ੍ਰਸੰਨਹਾਂ ਕਿ ਮੇਰੇ ਮਿਤ੍ਰ ਮੇਰੇਲੇਖ ਪੁਸਤਕ ਦੀ ਸ਼ਕਲ ਵਿਚ ਛਾਪ ਰਹੇ ਹਨ । ਮੈਂ ਕਮਿਊਨਿਜ਼ਮ ਨੂੰ ਰੋਕਣਾ ਚਾਹੁੰਦਾ ਹਾਂ, ਪਰ ਪ੍ਰਚਾਰ ਨਾਲ, ਧਕੇ ਨਾਲ ਨਹੀਂ । ਕਮਿਊਨਿਜ਼ਮ ਵਿਚ ਜੇਹੜੇ ਚੰਗੇ ਖਿਆਲ ਹਨ ਓਹ ਲੈ ਲੈਣੇ ਚਾਹੀਦੇ ਹਨ । ਸਰਕਾਰ ਧੱਕੇ ਨਾਲ ਕਮਿਊਨਿਜ਼ਮ ਨੂੰ ਰੋਕਣ ਦੇ ਜਤਨ ਕਰਕੇ ਕਮਿਊਨਿਜਮ ਦਾ ਪ੍ਰਚਾਰ

ਰ ਰਹੀ ਹੈ। ਕਿਸੇ ਅੰਞਾਣੇ ਮੂੰਹ ਨੂੰ ਸਮਝਾਓ ਕੁਝ ਨਾ, ਤੇ ਕਹੋ ਕਿ ਇਸ ਘੜੇ ਵਿਚ ਹੱਥ ਨਾ ਪਾਣਾ। ਤੁਸੀਂ ਪਰੇ ਜਾਓ ਤੇ ਓਹ ਜਰੂਰ ਘੜੇ ਵਿਚ ਹੀ ਹੱਥ ਪਾਏਗਾ ਭਾਵੇਂ ਉਸ ਵਿਚੋਂ ਉਸ ਨੂੰ ਠੂਹਾਂ ਹੀ ਲੜੇ। ਜਦ ਆਦਮੀਂ ਵਡਾ ਹੋ ਜਾਂਦਾ ਹੈ ਤਾਂ ਉਸ ਵਿਚੋਂ ਇਹ "ਮੁੰਡ ਪੁਣਾ" ਘਟ ਭਾਵੇਂ ਜਾਂਦਾ ਹੈ ਪਰ ਮੁਕ ਨਹੀਂ ਜਾਂਦਾ। ਜਿਧਰੋਂ ਕਿਸੇ ਆਦਮੀ ਨੂੰ ਰੋਕੋ ਉਧਰ ਹੀ ਉਸਦਾ ਧਿਆਨ ਜਾਂਦਾ ਹੈ। ਕਮਿਊਨਿਜਮ ਤੇ ਧਕੇ ਨਾਲ ਨਹੀਂ ਰੋਕਿਆ ਜਾ ਸਕਦਾ, ਸਮਝਾਣ ਨਾਲ ਤੇ ਦਲੀਲ ਨਾਲ ਹੀ ਇਸ ਤੋਂ ਵਰਜਿਆ ਜਾ ਸਕਦਾ ਹੈ। ਪਰ ਅਫਸੋਸ ਹੈ ਕਿ ਸਾਡੀ ਸਰਕਾਰ ਦੇ ਕਰਮਚਾਰੀ ਕੇਵਲ ਕਮਿਊਨਿਸਟ ਦਾ ਨਾਮ ਸੁਣਕੇ ਸਖਤੀ ਸ਼ੁਰੂ ਕਰ ਦੇਂਦੇ ਹਨ। ਇੰਗਲੈਂਡ ਤੇ ਅਮਰੀਕਾ ਵਿਚ ਭੀ ਕਮਿਊਨਿਸਟ ਹੋਣਾ ਪਾਪ ਨਹੀਂ ਸਮਝਿਆ ਜਾਂਦਾ ਤੇ ਉਥੇ ਭੀ ਕਮਿਊਨਿਸਟ ਪਾਰਟੀਆਂ ਖੁਲ੍ਹਮ ਖੁਲ੍ਹਾ ਹਨ। ਪਰ ਸਾਡੇ ਪੰਜਾਬ ਵਿਚ ਤਾਂ ਕਈ ਮੁੰਡਿਆਂ ਨੂੰ ਇਸ ਕਰਕੇ ਜੇਲ੍ਹ ਵਿਚ ਸੁਟਿਆ ਜਾ ਰਿਹਾ ਹੈ ਕਿ ਉਹ ਕਮਿਊਨਿਸਟ ਹਨ। ਇਹ ਗਲਤ ਢੰਗ ਹੈ ਤੇ ਮੇਰਾ ਢੰਗ ਪਰਚਾਰ ਵਾਲਾ ਠੀਕ ਹੈ। ਪਰ ਜਦ ਮੈਂ ਏਓਂ ਕਹਿੰਦਾ ਹਾਂ ਤਾਂ ਸਰਕਾਰ ਦੇ ਝੋਲੀ ਚੁਕ ਤੇ ਸੀ. ਆਈ. ਡੀ. ਦੇ ਕਾਰਿੰਦੇ ਰਪੋਟਾਂ ਕਰਦੇ ਹਨ ਕਿ ਮਾਸਟਰ ਤਾਰਾ ਸਿੰਘ ਭੀ ਕਮਿਊਨਿਸਟਾਂ ਨਾਲ ਰਲ ਗਿਆ ਹੈ। ਇਹ ਹੈ ਇਹਨਾਂ ਵਿਚ ਅਕਲ ਤੇ ਇਸ ਅਕਲ ਵਾਲੇ ਕਮਿਊਨਿਜਮ ਨੂੰ ਰੋਕਣਾ ਚਾਹੁੰਦੇ ਹਨ। ਮੈਂ ਸਮਝਦਾ ਹਾਂ ਕਿ ਕਮਿਊਨਿਜਮ ਦਾ ਠੀਕ ਵਿਰੋਧੀ ਮੈਂ ਹੀ ਹਾਂ ਤੇ ਮੇਰਾ ਤ੍ਰੀਕਾ ਹੀ ਕਾਮਯਾਬ ਹੋਵੇਗਾ। ਸਾਡੀ ਸਰਕਾਰ ਦੇ ਤਰੀਕੇ ਨਾਲ ਤਾਂ ਸਾਡੇ ਕਈ ਨੌਜਵਾਨ ਇਸ ਕਰਕੇ ਭੀ ਕਮਿਊਨਿਸਟ ਬਣਨਗੇ ਕਿ ਇਹ ਬਹਾਦਰੀ ਦਾ ਕੰਮ ਹੈ ਤੇ ਇਸ ਤੋਂ ਇਹ ਹਿੰਦੂ ਸਰਕਾਰ ਚਿੜਦੀ ਹੈ।

ਮੁਖਬੰਦ ਜਰਾ ਲੰਬਾ ਹੋਂਦਾ ਜਾਂਦਾ ਹੈ। ਇਸ ਕਰਕੇ ਮੈਂ ਇਸ ਨੂੰ ਇਥੇ ਹੀ ਮੁਕਾਂਦਾ ਹਾਂ ਤੇ ਇਸ ਪੁਸਤਕ ਦੇ ਛਾਪਣ ਵਾਲਿਆਂ ਨੂੰ ਵਧਾਈ ਦੇਂਦਾ ਹਾਂ। ਦਾਸ—

ਤਾਰਾ ਸਿੰਘ (ਮਾਸਟਰ)

ਪਹਿਲਾਂ ਧਰਮ ਕਿ ਪਹਿਲਾਂ ਰੋਟੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹਾ ਹੈ ਕਿ–

ਭੂਖੇ ਭਗਤਿ ਨ ਕੀਜੈ ॥
ਯਹ ਮਾਲਾ ਅਪਨੀ ਲੀਜੈ ॥

ਇਸ ਤੁਕ ਦੇ ਉਲਟ ਅਰਥ ਸਮਝ ਕੇ ਮੈਨੂੰ ਇਕ ਕਮਯੂਨਿਸਟ ਮਿਤ੍ਰ ਨੇ ਕਿਹਾ ਕਿ ਗੁਰੂ ਸਾਹਿਬ ਨੇ "ਰੋਟੀ" ਨੂੰ ਧਰਮ ਨਾਲੋਂ ਪਹਿਲ ਦਿਤੀ ਹੈ। ਗੁਰੂ ਸਾਹਿਬ ਨੇ ਕਿਹਾ ਹੈ ਕਿ ਪਹਿਲਾਂ ਭੁਖ ਹਟਾਉ । ਮੈਂ ਉਤਰ ਦਿਤਾ ਮਿੱਤਰਾ ਜ਼ਰਾ ਗਹੁ ਨਾਲ ਪੜ੍ਹ । ਗੁਰੂ ਸਾਹਿਬ ਨੇ ਠੀਕ ਕਿਹਾ ਹੈ ਕਿ ਭਜਨ ਕਰਨ ਲਈ ਭੀ ਭੁਖ ਹਟਾਣਾ ਜ਼ਰੂਰੀ ਹੈ। ਪਰ ਇਸ ਦਾ ਮਤਲਬ ਇਹ ਤਾਂ ਨਹੀਂ ਹੈ ਕਿ ਅਸਲ ਗਲ ਭੁਖ ਹਟਾਣਾ ਹੈ, ਅਸਲ ਗਲ ਤਾਂ ਹੈ "ਭੱਜਨ" ਤੇ ਉਸ ਭਜਨ ਲਈ ਭੀ ਭੁਖ ਹਟਾਣ ਦੀ ਲੋੜ ਹੈ । ਨਿਰਾ ਭੁਖ ਹਟਾਣ ਤਕ ਨਿਸ਼ਾਨਾ ਰਖਣਾ ਤਾਂ ਅਸਲ ਨਿਸ਼ਾਨੇ ਤੋਂ ਖਿਚਕ ਜਾਣਾ ਹੈ।

ਜਿਸ ਤਰ੍ਹਾਂ ਰੋਟੀ ਪਕਾਨੇ ਲਈ ਦਾਣੇ ਪੀਹਣੇ ਜਾਂ ਆਟਾ ਗੁਨਣਾ ਜਾਂ ਅੱਗ ਬਾਲਣਾ ਜ਼ਰੂਰੀ ਹੈ ਪਰ ਨਿਸ਼ਾਨਾ ਤਾਂ ਰੋਟੀ ਪਕਾਣਾ ਹੈ। ਜੇ ਆਟਾ ਗੁਨਣਾ ਜਾਂ ਦਾਣੇ ਪੀਹਣਾ ਜਾਂ ਅੱਗ ਬਾਲਣ ਉਤੇ ਹੀ ਬਸ ਤਸੱਲੀ ਕਰਕੇ ਬਹਿ ਜਾਈਏ ਤੇ ਅਗੋਂ ਰੋਟੀ ਤਵੇ ਤੇ ਪਾ ਕੇ ਸੇਕ ਨਾ ਦੇਈਏ, ਤਾਂ ਪਹਿਲਾ ਸਾਰਾ ਉਦਮ ਨਿਰਾਰਥ ਹੋ ਜਾਂਦਾ ਹੈ। ਕਿਸੇ ਤਰ੍ਹਾਂ ਜੇ ਰੋਟੀ ਖਾ ਕੇ ਭੁਖ ਹਟਾ ਲਵੀਏ ਪਰ ਅਸਲ ਨਿਸ਼ਾਨੇ ਅਥਵਾ ਭਜਨ ਵਲੋਂ ਚੁਪ ਕਰ ਰਹੀਏ ਤਾਂ ਭੁਖ ਹਟਾਣਾ ਨਿਰਾਰਥ ਹੈ।

ਇਹ ਮੈਂ ਇਕ ਮਿਸਾਲ ਦਿਤੀ ਹੈ। ਜੋ ਪ੍ਰਗਟ ਕਰਦੀ ਹੈ ਕਿ ਸਿਖੀ ਤੇ ਕਮਯੂਨਿਜ਼ਮ ਵਿਚ ਕੀ ਭੇਦ ਹੈ । ਸਿਖੀ ਦਾ ਨਿਸ਼ਾਨਾ ਹੈ ਧਰਮ ਤੇ ਕਮਯੂਨਿਜ਼ਮ ਦਾ ਨਿਸ਼ਾਨਾ ਹੈ ਰੋਟੀ । ਬੇਸ਼ਕ ਰੋਟੀ ਦਾ ਸਵਾਲ ਹਲ ਕਰਨਾ ਜ਼ਰੂਰੀ ਹੈ ਤੇ ਇਸ ਦੇ ਹਲ ਕੀਤੇ ਬਿਨਾਂ ਧਰਮ ਜਾਂ ਭਜਨ ਭੀ ਨਹੀਂ ਚਲ ਸਕਦਾ, ਪਰ ਸਿਖ ਭੁਖ ਨੂੰ ਹਟਾਣਾ ਇਕ ਸਾਧਨ

ਸਮਝਦਾ ਹੈ । ਸਿਖੀ ਦਾ ਨਿਸ਼ਾਨਾ ਇਸ ਜੀਵਨ ਤੋਂ ਪਰੇ ਹੈ। ਕਮਯੂ-ਨਿਸਟ ਦਾ ਤਾਂ ਜੀਵਣਾ ਹੀ ਰੋਟੀ ਵਾਸਤੇ ਹੈ। **ਸਿਖ ਰੋਟੀ ਖਾਂਦਾ ਹੈ ਜੀਵਨ ਵਾਸਤੇ, ਕਮਯੂਨਿਸਟ ਜੀਂਵਦਾ ਹੈ ਰੋਟੀ ਖਾਣ ਵਾਸਤੇ ।** ਕਮਯੂਨਿਸਟ ਸਮਝਦਾ ਹੈ ਕਿ ਇਸ ਜੀਵਨ ਤੋਂ ਪਰੇ ਕੁਝ ਨਹੀਂ ਹੈ ਤੇ ਜੋ ਲਾਭ ਇਹਨਾਂ ਥੋਹੜੇ ਸਾਲਾਂ ਦੇ ਵਿਚ ਲਭ ਸਕਦਾ ਹੈ ਲੈ ਲਵੇ, ਕਿਉਂਕਿ ਇਸ ਤੋਂ ਪਿਛੋਂ ਤਾਂ ਸਭ ਕੁਝ ਖਤਮ ਹੀ ਹੈ। ਬੇਸ਼ੱਕ ਇਸ ਵੇਲੇ ਕਮਯੂਨਿਸਟਾਂ ਵਿਚ ਭੀ ਪ੍ਰਉਪਕਾਰ ਦਾ ਮਾਦਾ ਹੈ, ਪਰ ਇਹ ਉਦੋਂ ਤਕ ਹੀ ਹੈ ਜਦ ਤਕ ਉਹਨਾਂ ਵਿਚ ਆਪਣੇ ਖਿਆਲਾਂ ਦੀ ਨਵੀਨਤਾ ਦਾ ਮਾਣ ਹੈ। ਬਹੁਤ ਛੇਤੀ ਕਮਯੂ-ਨਿਸਟ ਆਪਣੀ ਨਾਸਤਕਤਾ ਹੇਠਾਂ ਆ ਕੇ ਇਹੋ ਹੀ ਸਮਝਣ ਲਗ ਪੈਣਗੇ ਕਿ "ਖਾਓ ਪੀਓ ਤੇ ਮੌਜਾਂ ਕਰੋ, ਕਿਉਂਕਿ ਕਲ ਮਰ ਜਾਣਾ ਹੈ ।"

ਮੇਰਾ ਕਮਯੂਨਿਸਟਾਂ ਨਾਲ ਇਹੋ ਭੇਦ ਹੈ । ਨਹੀਂ ਤਾਂ ਮੈਂ ਉਹਨਾਂ ਦੇ ਮਾਲੀ ਪ੍ਰੋਗਰਾਮ ਨਾਲ ਅਸਹਿਮਤ ਨਹੀਂ ਹਾਂ । ਸਗੋਂ ਮੈਨੂੰ ਮਾਲੀ ਪ੍ਰੋਗਰਾਮ ਦੀ ਮੁਢਲੀ ਗੱਲ ਤਾਂ ਬਹੁਤ ਪਸੰਦ ਹੈ ਤੇ ਸਿਖੀ ਦੇ ਅਨਕੂਲ ਲਗਦੀ ਹੈ। ਗਰੀਬਾਂ ਦੀ ਰਖਿਆ ਕਰਨਾ, ਗਰੀਬਾਂ ਦੀ ਰੋਟੀ ਦਾ ਪ੍ਰਬੰਧ ਕਰਨਾ ਤੇ ਅਮੀਰਾਂ ਦੇ ਐਸ਼ ਦਾ ਇਲਾਜ ਕਰਨਾ ਚੰਗੀ ਗਲ ਹੈ। ਸਭ ਲੋਕੀਂ ਇਕੋ ਜਿਹੇ ਦੌਲਤਮੰਦ ਜਾਂ ਗਰੀਬ ਤਾਂ ਭਾਂਵੇਂ ਨਾ ਹੋ ਸਕਣ ਪਰ ਹੁਣ ਵਾਲਾ ਹਨੇਰ ਭੀ ਤਾਂ ਨਹੀਂ ਰਹਿਣਾ ਚਾਹੀਦਾ। ਸਭ ਲੋਕਾਂ ਨੂੰ ਕਮਾਈ ਕਰਨ ਤੇ ਪੇਟ ਭਰਨ ਦੇ ਇਕੋ ਜੇਹੇ ਮੌਕੇ ਹੋਣੇ ਚਾਹੀਦੇ ਹਨ। ਇਸ ਤੋਂ ਛੁਟ ਮੈਂ ਸਿਖੀ ਅਨੁਸਾਰ ਇਹ ਸਮਝਦਾ ਹਾਂ ਕਿ ਹਰ ਆਦਮੀ ਨੂੰ ਰੋਟੀ ਖਾਣ ਦਾ ਹੱਕ ਹੈ ਭਾਂਵੇਂ ਉਹ ਕੰਮ ਨਾ ਭੀ ਕਰੇ। ਮੈਂ ਇਹ ਸਮਝਦਾ ਹਾਂ ਕਿ ਭਾਂਵੇਂ ਆਦਮੀ ਕਿਤਨਾ ਹੀ ਮਾੜਾ ਜਾਂ ਸੁਸਤ ਜਾਂ ਨਕਾਰਾ ਹੋਵੇ, ਉਸ ਨੂੰ ਭੀ ਰੋਟੀ ਖਾਣ ਦਾ ਹੱਕ ਹੈ ਤੇ

ਇਸ ਕਰਕੇ ਸਿਖ ਲੰਗਰ ਤੋਂ ਕਿਸੇ ਨੂੰ ਨਹੀਂ ਰੋਕਦਾ ।

ਪਰ ਕੋਈ ਖਾਣ ਤੇ ਜੀਵਣ ਦਾ ਨਿਸ਼ਾਨਾ ਇਸ ਜੀਵਣ ਤੋਂ ਪਰੇ ਹੀ ਹੋ ਸਕਦਾ ਹੈ, ਤੇ ਹੈ । ਜੋ ਸਜਣ ਇਸ ਨਿਸ਼ਾਨੇ ਵਲ ਧਿਆਨ ਨਹੀਂ ਦਿੰਦੇ ਜਾਂ ਪੂਰਾ ਧਿਆਨ ਨਹੀਂ ਦਿੰਦੇ ਉਹ ਆਪਣਾ ਜੀਵਨ ਨਿਸਫਲ ਗਵਾਂਦੇ ਹਨ ਤੇ ਦੂਜੇ ਲੋਕਾਂ ਦੇ ਸਾਹਮਣੇ ਭੈੜਾ ਨਮੂਨਾ ਪੇਸ਼ ਕਰਦੇ ਹਨ । ਮੈਂ ਕਮਿਯੂਨਿਸਟਾਂ ਦੇ ਮਾਲੀ ਪ੍ਰੋਗਰਾਮ ਦੇ ਵਿਰੁੱਧ ਨਹੀਂ ਹਾਂ, ਸਗੋਂ ਹਾਮੀ ਹਾਂ । ਕਮਿਯੂਨਿਸਟਾਂ ਦਾ ਇਹ ਅਸੂਲ ਕਿ ਹਰ ਕਿਸੇ ਨੂੰ ਖਾਣ ਜੋਗੀ ਰੋਟੀ ਤੇ ਜ਼ਰੂਰੀ ਲੋੜਾਂ ਮਿਲਣੀਆਂ ਚਾਹੀਦੀਆਂ ਹਨ—ਠੀਕ ਹੈ ਤੇ ਸਿਖੀ ਅਨੁਸਾਰ ਹੈ । ਪਰ ਜਦ ਉਹ ਨਸ਼ਾਨਾ ਹੀ ਰੋਟੀ ਨੂੰ ਬਣਾ ਲੈਂਦੇ ਹਨ ਤੇ ਇਸ ਦੁਨੀਆ ਤੋਂ ਪਰੇ ਕੁਝ ਨਾ ਸਮਝ ਕੇ ਵਾਹਿਗੁਰੂ ਤੇ ਧਰਮ ਦੀ ਵਿਰੋਧਤਾ ਕਰਦੇ ਹਨ ਜਾਂ ਧਰਮ ਤੋਂ ਇਨਕਾਰ ਕਰਦੇ ਹਨ ਤਾਂ ਮੈਂ ਉਨ੍ਹਾਂ ਦੀ ਇਸ ਗੱਲ ਨੂੰ ਗਲਤ ਕਹਿੰਦਾ ਹਾਂ । ਮੈਂ ਹਰ ਕਿਸੇ ਲਈ ਰੋਟੀ ਦਾ ਪ੍ਰਬੰਧ ਹੋਣਾ ਜ਼ਰੂਰੀ ਮੰਨਦਾ ਹਾਂ । ਪਰ ਰੋਟੀ ਇਸ ਜੀਵਨ ਦੀ ਇਕ ਕੜੀ ਹੀ ਹੈ । ਸਭ ਲਈ ਰੋਟੀ ਦਾ ਜਤਨ ਕਰੋ । ਇਹ ਗੁਰਸਿਖੀ ਦਾ ਇਕ ਅੰਗ ਹੈ । "ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ" ਸਾਡੇ ਰਹਿਤਨਾਮਿਆਂ ਵਿਚ ਸਿਖ ਦੇ ਰੋਜ਼ਾਨਾ ਜੀਵਨ ਦਾ ਜ਼ਰੂਰੀ ਅੰਗ ਹੈ । ਰੋਟੀ ਜ਼ਰੂਰੀ ਹੈ, ਪਰ ਰੋਟੀ ਸਾਧਨ ਹੈ, ਨਸ਼ਾਨਾ ਨਹੀਂ ਹੈ । ਕਮਯੂਨਿਸਟ ਭਰਾ ਜੋ ਰੋਟੀ ਨੂੰ ਨਸ਼ਾਨਾ ਬਣਾਈ ਬੈਠੇ ਹਨ, ਸਖਤ ਭੁਲ ਵਿਚ ਹਨ । ਵਾਹਿਗੁਰੂ ਤੇ ਆਸਤਕਤਾ ਦੀ ਵਿਰੋ-ਧਤਾ ਦੇ ਕਾਰਣ ਕਮਯੂਨਿਜ਼ਮ ਇਕ ਧਰਮ ਬਣ ਗਿਆ ਹੈ, ਨਿਰਾ ਮਾਲੀ ਪ੍ਰੋਗਰਾਮ ਦੀ ਪਾਰਟੀ ਨਹੀਂ ਰਹੀ, ਜੇ ਇਹ ਨਿਰਾ ਮਾਲੀ ਪਰੋਗ-ਰਾਮ ਚਲਾਣ ਵਾਲੀ ਪਾਰਟੀ ਹੁੰਦੀ ਤਾਂ ਮੈਂ ਅਜ ਕਮਯੂਨਿਸਟ ਹੁੰਦਾ । ਬੇਸ਼ਕ ਅੱਜ ਕਲ ਕਮਊਨਿਸਟ ਪਾਰਟੀ ਹਰ ਕਿਸੇ ਨੂੰ ਨਾਸਤਕ ਹੋਣ ਲਈ ਅਥਵਾ ਧਰਮ ਛਡਣ ਲਈ ਮਜਬੂਰ ਨਹੀਂ ਕਰਦੀ । ਪਰ ਰੂਸ ਦੀ ਕਮਊਨਿਸਟ ਪਾਰਟੀ ਦੇ ਕਾਇਦਿਆਂ ਅਨੁਸਾਰ ਕੋਈ ਸੱਜਣ ਜੋ ਆਸ-ਤਕ ਹੋਵੇ ਕਮਊਨਿਸਟ ਪਾਰਟੀ ਦੀ ਅੰਤ੍ਰੰਗ ਵਿਚ ਨਹੀਂ ਲਿਆ ਜਾ

ਸਕਦਾ। ਜਿਥੇ ਤਕ ਮੈਨੂੰ ਪਤਾ ਹੈ ਇਥੇ ਭੀ ਇਸੇ ਅਸੂਲ ਉਤੇ ਅਮਲ ਹੋ ਰਿਹਾ ਹੈ ਤੇ ਹਿੰਦੁਸਤਾਨ ਦੀ ਸੈਂਟਰਲ ਕਮਊਨਿਸਟ ਐਗਜ਼ੈਕਟਿਵ ਵਿਚ ਕੋਈ ਆਸਤਕ ਨਹੀਂ ਹੈ। ਅਜੇਹੀ ਹਾਲਤ ਵਿਚ ਇਉਂ ਸਮਝੋ ਕਿ ਜਿਨ੍ਹਾਂ ਆਸਤਕਾਂ ਨੂੰ ਕਮਊਨਿਸਟ ਪਾਰਟੀ ਆਪਣੇ ਵਿਚ ਲੈਂਦੀ ਭੀ ਹੈ, ਉਨ੍ਹਾਂ ਨੂੰ ਪੂਰਾ ਕਮਊਨਿਸਟ ਨਹੀਂ ਸਮਝਦੀ, ਜਿਸ ਤਰ੍ਹਾਂ ਅਸੀਂ ਸਹਿਜਧਾਰੀਆਂ ਨੂੰ ਕਹਿੰਦੇ ਹਾਂ। ਅਸੀਂ ਸਹਿਜਧਾਰੀ ਨੂੰ ਪੰਜਾਂ ਪਿਆ-ਰਿਆਂ ਵਿਚ ਸ਼ਾਮਲ ਹੋਣ ਦਾ ਹੱਕ ਨਹੀਂ ਦੇਂਦੇ। ਧਰਮ ਨੂੰ ਮੰਨਣ ਵਾਲੇ ਕਮਊਨਿਸਟ ਤਾਂ ਫਿਰ ਉਨ੍ਹਾਂ ਦੇ "ਸਹਿਜਧਾਰੀ" ਹੀ ਹਨ। ਜਿਨ੍ਹਾਂ ਦੇ ਹੌਲੀ ਹੌਲੀ ਨਾਸਤਕ ਹੋ ਜਾਣ ਦੀ ਸਦਾ ਸੰਭਾਵਨਾ ਹੈ, ਜਿਸ ਤਰ੍ਹਾਂ ਸਾਡੇ ਸਹਿਜਧਾਰੀਆਂ ਦੇ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜਣ ਦੀ ਸਦਾ ਸੰਭਾਵਨਾ ਹੁੰਦੀ ਹੈ।

ਮਾਦਾ ਪ੍ਰਸਤੀ-ਤੇ-ਆਤਮ ਪ੍ਰਸਤੀ

ਇਉਂ ਜਾਪਦਾ ਹੈ ਕਿ ਇਸ ਦੁਨੀਆਂ ਵਿਚ ਮਾਦਾ ਪ੍ਰਸਤੀ ਤੇ ਆਤਮ ਪ੍ਰਸਤੀ (Materialism & Spirtualism) ਦਾ ਸਦਾ ਹੀ ਝਗੜਾ ਰਿਹਾ ਹੈ। ਪਰ ਕਦੀ ਭੀ ਮਾਦਾਪ੍ਰਸਤੀ ਦਾ ਪੂਰਾ ਗਲਬਾ ਨਹੀਂ ਪਿਆ। ਮਾਦਾਪ੍ਰਸਤੀ ਨੂੰ ਸਦਾ ਹੀ ਜ਼ਬਾਨੋ ਜ਼ਬਾਨੀ ਆਤਮ ਪ੍ਰਸਤੀ ਦੀ ਈਨ ਮੰਨਣੀ ਹੀ ਪੈਂਦੀ ਹੈ ਪਰ ਆਤਮ ਪ੍ਰਸਤੀ ਅਥਵਾ ਧਰਮ ਦੀ ਈਨ ਜ਼ਬਾਨੀ ਮੰਨ ਕੇ ਮਾਦਾ ਪ੍ਰਸਤੀ ਕਦੀ ਹਾਰੀ ਨਹੀਂ ਹੈ। ਅਸਲ ਵਿਚ ਇਹਦੁਨੀਆਂ ਸਿਰਜਨਹਾਰਦੀ ਬਿਅੰਤ ਸ਼ਕਤੀ ਤੇ ਬਿਅੰਤ ਸ੍ਰਿਸ਼ਟੀ ਦਾ ਇਕ ਚਮਤਕਾਰਾ ਹੈ ਜੋ ਸਾਡੀ ਪੰਜ ਇੰਦਰੀਆਂ ਨਾਲ ਸਪਸ਼ਟ ਤੇ ਅਸਲ ਭਾਸਦਾ ਹੈ। ਜੋ ਮਹਾਤਮਾ ਇਨ੍ਹਾਂ ਪੰਜ ਇੰਦਰੀਆਂ ਦੇ ਬੰਧਨ ਤੋਂ ਉਚੇ ਉਠਕੇ ਅਸਲੀਅਤ ਨੂੰ ਵੇਖ ਸਕਦੇ ਹਨ ਓਹ ਇਸ ਨੂੰ "ਇਹ ਜਗ ਧੂਏਂ ਕਾ ਪਹਾਰ" ਕਹਿੰਦੇ ਹਨ। ਕਈ ਸਿਆਣੇ ਸਜਣ ਇਹ ਸਮਝਦੇ ਤੇ ਮੰਨਦੇ ਹਨ ਕਿ ਪ੍ਰਤੀਤ ਹੋਣ ਵਾਲੀ ਸ੍ਰਿਸ਼ਟੀ ਤੋਂ ਛੁਟ ਬਿਅੰਤ ਤਰ੍ਹਾਂ

ਦੀ ਹੋਰ ਸ੍ਰਿਸ਼ਟੀ ਭੀ ਹੈ ਜੋ ਸਾਡੇ ਪੰਜ ਇੰਦਰਿਆਂ ਜਾਂ ਸਾਡੀ ਸਮਝ ਨਾਲ ਪ੍ਰਤੀਤ ਨਹੀਂ ਹੋ ਸਕਦੀ। ਬਥੇਰੇ ਸਿਆਣੇ ਇਹ ਭੀ ਮੰਨਦੇ ਹਨ ਕਿ ਜਿਸ ਤਰ੍ਹਾਂ ਬਥੇਰੀ ਕਿਸਮ ਦੀ ਸ੍ਰਿਸ਼ਟੀ ਤੇ ਜੀਵ ਸਾਡੇ ਇੰਦਰਿਆਂ ਨਾਲ ਪ੍ਰਤੀਤ ਨਹੀਂ ਹੁੰਦੇ, ਇਸੇ ਤਰ੍ਹਾਂ ਸਾਡੀ ਸ੍ਰਿਸ਼ਟੀ ਤੇ ਅਸੀਂ ਭੀ ਉਨ੍ਹਾਂ ਜੀਵਾਂ ਨੂੰ ਮਿਲੇ ਇੰਦਰਿਆਂ ਨਾਲ ਉਹਨਾਂ ਨੂੰ ਪ੍ਰਤੀਤ ਨਹੀਂ ਹੁੰਦੇ। ਪਰ ਇਨ੍ਹਾਂ ਦਲੀਲਾਂ ਨਾਲ ਤਾਂ ਅਸੀਂ ਕੇਵਲ ਇਸ ਨਤੀਜੇ ਉਤੇ ਹੀ ਅਪੜਦੇ ਹਾਂ ਕਿ ਸਾਨੂੰ ਮਿਲੀਆਂ ਸ਼ਕਤੀਆਂ ਤੇ ਅਕਲ ਇਤਨੀਆਂ ਕਮਜ਼ੋਰ ਤੇ ਘਟ ਹਨ ਕਿ ਇਹਨਾਂ ਦੀ ਮਦਦ ਨਾਲ ਉਸ ਬਿਅੰਤ ਦੀ ਬਿਅੰਤ ਰਚਨਾ ਦਾ ਸਾਨੂੰ ਕੱਖ ਭਰ ਭੀ ਗਿਆਨ ਨਹੀਂ ਹੋ ਸਕਦਾ। ਪਰ ਇਤਨਾ ਗਿਆਨ ਹੋਣਾ ਕਿ ਸਾਡਾ ਗਿਆਨ ਕੱਖ ਭਰ ਦੀ ਕੀਮਤ ਦਾ ਨਹੀਂ ਹੈ, ਕੋਈ ਸਾਨੂੰ ਅਸਲ ਗਿਆਨ ਤਾਂ ਨਹੀਂ ਕਰਵਾਂਦਾ। ਗਿਆਨ ਨਾ ਹੋਣ ਦਾ ਗਿਆਨ ਹੋਣਾ ਤਾਂ ਕੋਈ ਅਸਲ ਗਿਆਨ ਨਹੀਂ ਹੈ। ਇਹ ਤਾਂ ਕੇਵਲ ਅਗਿਆਨਤਾ ਦਾ ਇਕਬਾਲ ਹੀ ਹੈ, ਜੋ ਗਿਆਨ ਹਾਸਲ ਕਰਨ ਲਈ ਪ੍ਰੇਰਦਾ ਜ਼ਰੂਰ ਹੈ। ਪਰ ਸਾਨੂੰ ਲੋੜ ਹੈ ਅਸਲ ਗਿਆਨ ਦੀ। **ਸਿਆਣਪ ਨਾਲ ਤਾਂ ਆਪਣੀ ਅਗਿਆਨਤਾ ਦਾ ਗਿਆਨ ਹੀ ਹੋ ਸਕਦਾ ਹੈ, ਪਰ ਬਿਅੰਤ ਦੀ ਬਿਅੰਤਤਾ ਦਾ ਗਿਆਨ ਤਾਂ ਕੇਵਲ ਮਹਾਤਮਾ ਨੂੰ ਹੀ ਹੁੰਦਾ ਹੈ।**

ਪਰ ਸਿਆਣਪ ਭੀ ਸਾਨੂੰ ਇਸ ਹੱਦ ਤੀਕਰ ਪੁਚਾ ਦੇਂਦੀ ਹੈ ਕਿ ਅਸੀਂ ਆਪਣੀ ਇਸ ਦੁਨੀਆਂ ਅਥਵਾ ਆਪਣੇ ਇੰਦਰਿਆਂ ਨਾਲ ਪਰਤੀਤ ਹੋਣ ਵਾਲੀ ਸ੍ਰਿਸ਼ਟੀ ਨੂੰ ਇਕ ਪਰਛਾਵਾਂ ਜਿਹਾ ਹੀ ਸਮਝੀਏ ਜਿਹੋ ਜੇਹੇ ਕਿ ਬਿਅੰਤ ਪਰਛਾਵੇਂ ਜੇਹੇ ਹੋਰ ਭੀ ਹਨ। ਇਤਨਾ ਅਨਭਵ ਕਰਨ ਨਾਲ ਅਸੀਂ ਮਾਦਾਪ੍ਰਸਤੀ ਦੇ ਜਾਲ ਨੂੰ ਤੋੜਦੇ ਹਾਂ ਤੇ ਆਤਮ ਪ੍ਰਸਤੀ ਦੇ ਰਾਹ ਉੱਤੇ ਟੁਰਨ ਦਾ ਪੈਂਤੜਾ ਬਨ੍ਹਦੇ ਹਾਂ।

ਪਰ ਸ਼ੋਕ ਹੈ ਕਿ ਅਜ ਕਲ ਕਈ ਧਰਮ ਹੀ ਇਹੋ ਜੇਹੇ ਹਨ ਜੋ ਆਤਮਪਰਸਤੀ ਦਾ ਪ੍ਰਚਾਰ ਕਰ ਰਹੇ ਹਨ। ਓਹ ਕਹਿੰਦੇ ਹਨ ਕਿ ਜੋ ਸਾਡੇ ਗਿਆਨ ਤੋਂ ਪਰੇ ਹੈ ਓਹ ਹੈ ਹੀ ਨਹੀਂ। ਆਰੀਆ ਸਮਾਜੀ ਤਾਂ ਮਾਦੀ ਦੁਨੀਆਂ ਤੋਂ ਪਰੇ ਕਿਸੇ ਹੋਂਦ ਨੂੰ ਮੰਨਦੇ ਹੀ ਨਹੀਂ ਹਨ। ਓਹਸਚ ਕਹਿੰਦੇ ਹਨ ਕਿ ਜੋ ਸਾਡੀ ਇੰਦਰੇ ਸ਼ਕਤੀ ਨਾਲ ਪਰਤੀਤ ਨਹੀਂ ਹੁੰਦਾ, ਓਹ ਹੈ ਹੀ ਨਹੀਂ। ਓਹ ਕਹਿੰਦੇ ਹਨ ਕਿ "ਕਾਨੂੰਨ ਕੁਦਰਤ" ਤੋਂ ਪਰੇ ਕੁਝ ਨਹੀਂ ਹੋ ਸਕਦਾ ਤੇ "ਕਾਨੂੰਨ ਕੁਦਰਤ" ਦਾ ਭਾਵ ਇਹ ਹੈ ਕਿ ਜੋ ਅਸੀਂ ਆਪਣੇ ਅਗੇ ਪਿਛੇ ਰੋਜ਼ ਵਾਪਰਦਾ ਵੇਖਦੇ ਹਾਂ ਓਹੋ ਕੁਝ ਵਾਪਰ ਸਕਦਾ ਹੈ। ਇਸ ਤਰ੍ਹਾਂ ਕਹਿੰਦੇ ਹੋਏ ਭੀ ਓਹ ਸਮਝਦੇ ਹਨ ਕਿ ਓਹ ਧਰਮ ਪੂਜਾ ਅਥਵਾ ਆਤਮ ਪੂਜਾ ਵਲ ਤੁਰ ਰਹੇ ਹਨ। ਇਹ ਹਨ ਅਸਲ ਵਿਚ ਮਾਦਾ ਪ੍ਰਸਤ। ਉਨ੍ਹਾਂ ਲਈ ਆਤਮ ਸ਼ਕਤੀ ਜਾਂ ਮਾਦੇ ਤੋਂ ਪਰੇ ਦੀ ਸ਼ਕਤੀ ਕੋਈ ਹੈ ਹੀ ਨਹੀਂ। ਉਨ੍ਹਾਂ ਲਈ ਤਾਂ ਸਰੀਰ ਵਾਲੀ ਦੁਨੀਆਂ ਹੀ ਸਭ ਕੁਝ ਹੈ। ਬਾਹਿਰੇ ਰੂਪ ਅਥਵਾ, ਮਾਦੇ ਨੂੰ ਸਭ ਕੁਝ ਸਮਝਦੇ ਹਨ। ਅਜੇਹੇ ਲੋਕੀਂ ਅਸਲ ਮਾਦਾ ਪ੍ਰਸਤ ਅਥਵਾ ਬੁਤ ਪੂਜ ਹਨ। ਪਰ ਆਪਣੇ ਮਨ ਨੂੰ ਚੰਗੀ ਤਰ੍ਹਾਂ ਨਾ ਸਮਝ ਸਕਣ ਕਰਕੇ ਆਪਣੇ ਆਪ ਨੂੰ ਧਰਮ ਦੇ ਪੁਜਾਰੀ ਕਹੀ ਜਾਂਦੇ ਹਨ।

ਇਸ ਦੁਨੀਆਂ ਦੇ ਕਾਨੂੰਨਾਂ ਨੂੰ ਸਭ ਕੁਝ ਮੰਨਣਾ ਮਾਦਾਪ੍ਰਸਤੀ ਹੈ। ਇਸੇ ਦਿਮਾਗੀ ਦਸ਼ਾ ਨੇ ਹੀ ਆਖਰ ਆਤਮਾ ਤੋਂ ਸਾਫ ਇਨਕਾਰ ਕਰਵਾਕੇ ਕਮਯੂਨਿਸਟ ਪੈਦਾ ਕਰ ਦਿਤੇ। ਕਮਯੂਨਿਸਟ ਸਮਝਦੇ ਹਨ ਕਿ ਸਾਡੇ ਜੀਵਨ ਦਾ ਨਸ਼ਾਨਾ ਰੋਟੀ ਹੈ। ਅਥਵਾ ਜਿਤਨਾ ਰੋਟੀ ਦਾ ਸੌਖ ਤੇ ਸੁਖ ਹੋਇਆ ਉਤਨਾ ਜੀਵਨ ਅਛਾ ਹੋ ਗਿਆ। ਕਮਯੂਨਿਸਟਾਂ ਵਿਚ ਭੀ ਬਥੇਰੇ ਅਜੇਹੇ ਸਜਨ ਹਨ ਜੋ ਧਰਮ ਨੂੰ ਭੀ ਮੰਨਦੇ ਹਨ। ਓਹ ਟਪਲੇ ਵਿਚ ਹਨ। ਜੇ ਇਸ ਜੀਵਨ ਦਾ ਨਸ਼ਾਨਾ ਇਸ ਜੀਵਨ ਤੋਂ ਪਰੇ ਹੈ ਤਾਂ ਰੋਟੀ ਦਾ ਦਰਜਾ ਅਵਲ ਨਹੀਂ ਹੋ ਸਕਦਾ।

ਸਿਖੀ ਵਿਚ ਤੇ ਕਮਯੂਨਿਜ਼ਮ ਵਿਚ ਇਹ ਮੁਢਲਾ ਭੇਦ ਹੈ।

ਸਿਖੀ ਤਾਂ ਰੋਟੀ ਨੂੰ ਜੀਵਨ ਦਾ ਸਾਧਨ ਮੰਨਦੀ ਤੇ ਜੀਵਨ ਨੂੰ ਵਾਹਿਗੁਰੂ ਦੀ ਪ੍ਰਾਪਤੀ ਦਾ ਜ਼ਰੀਹਾ ਸਮਝਦੀ ਹੈ। ਪਰ ਕਮਯੂਨਿਸਟ ਇਸ ਜੀਵਨ ਨੂੰ ਹੀ ਸਭ ਕੁਝ ਸਮਝਦਾ ਤੇ ਇਸ ਕਰਕੇ ਰੋਟੀ ਨੂੰ ਨਸ਼ਾਨਾ ਬਣਾਂਦਾ ਹੈ।

ਸਿਖ ਲਈ ਰੋਟੀ ਜ਼ਰੂਰੀ ਹੈ ਕਿਉਂਕਿ ਇਸ ਸਰੀਰਕ ਲੋੜ ਦੇ ਪੂਰੇ ਹੋਏ ਬਿਨਾਂ ਭਗਤੀ ਭੀ ਨਹੀਂ ਹੋ ਸਕਦੀ। ਪਰ ਰੋਟੀ ਦੀ ਪ੍ਰਾਪਤੀ ਭਗਤੀ ਦਾ ਜ਼ਰੀਆ ਹੈ। **ਅਸਲ ਵਸਤੂ ਭਗਤੀ ਹੈ ਤੇ ਰੋਟੀ ਇਕ ਸਾਧਨ ਹੈ। ਜੋ ਰੋਟੀ ਨੂੰ ਪਹਿਲਾ ਦਰਜਾ ਦੇਂਦੇ ਹਨ, ਕਮਯੂਨਿਸਟ ਹਨ। ਜੋ ਆਤਮਕ ਜੀਵਨ ਅਥਵਾ ਧਰਮ ਨੂੰ ਪਹਿਲਾ ਦਰਜਾ ਦੇਂਦੇ ਹਨ ਓਹ ਸਿਖ ਹਨ।** ਇਹ ਫਰਕ ਛੋਟਾ ਜਿਹਾ ਨਹੀਂ ਹੈ। ਇਹ ਮੁਢਲਾ ਫਰਕ ਹੈ।

ਕਮਯੂਨਿਸਟਾਂ ਵਿਚ ਚੰਗੇ ਸਿਆਣੇ ਸਜਣ ਹਨ ਪਰ ਪਤਾ ਨਹੀਂ ਉਨ੍ਹਾਂ ਨੂੰ ਇਹ ਕਿਉਂ ਸਮਝ ਨਹੀਂ ਆਉਂਦਾ ਕਿ ਜੇ ਚੰਗੀ ਸੌਖੀ ਯਾਂ ਸੁਖ ਦੀ ਰੋਟੀ ਹੀ ਸਾਡਾ ਨਸ਼ਾਨਾ ਹੈ ਤਾਂ ਹਰ ਕੋਈ ਇਸ ਨਸ਼ਾਨੇ ਲਈ ਕਿਉਂ ਜਤਨ ਨਾ ਕਰੇ ? ਫਿਰ ਜੇ ਹਰ ਕੋਈ ਇਸ ਨਸ਼ਾਨੇ ਲਈ ਜਤਨ ਕਰੇਗਾ ਤਾਂ ਕਿਸ ਤਰ੍ਹਾਂ ਆਪੋ ਵਿਚ ਝਗੜਾ ਨਹੀਂ ਹੋਵੇਗਾ ? ਇਨਸਾਫ ਤੇ ਭ੍ਰਾਵਲੀ ਦਾ ਵਾਸਤਾ ਪਾਣਾ ਵਾਧੂ ਗਲ ਹੈ ਕਿਉਂਕਿ ਇਹ ਜਜ਼ਬੇ ਰੋਟੀ ਦੇ ਤਾਬੇ ਹਨ। ਜੇ ਇਨ੍ਹਾਂ ਜਜ਼ਬਿਆਂ ਨੂੰ ਰੋਟੀ ਤੋਂ ਉਠੇ ਸਮਝੋ ਤਾਂ ਫਿਰ ਆਤਮਕ ਜੀਵਨ ਵਲ ਝਾਤੀ ਮਾਰਦੇ ਹੋ ਤੇ ਧਰਮ ਵਿਚ ਪੈ ਜਾਵੇਗਾ। ਮੈਂ ਇਹ ਮੰਨਦਾ ਹਾਂ ਕਿ ਰੋਟੀ ਨੂੰ ਨਸ਼ਾਨਾ ਬਣਾਂਦੇ ਹੋਏ ਭੀ ਅਜੇਹੇ ਭਲੇ ਲੋਕੀ ਹਨ ਜੋ ਆਪਣੀ ਰੋਟੀ ਨੂੰ ਦੂਜੇ ਦੇ ਸੁਖ ਤੋਂ ਵਾਰਦੇ ਹਨ। ਪਰ ਅਜੇਹਾ ਕਰਨ ਵਾਲੇ ਸੱਜਣ

ਅਜ ਕਲ ਵਿਚ ਰੋਟੀ ਨੂੰ ਨਸ਼ਾਨਾ ਕਹਿੰਦੇ ਹੋਏ ਭੀ ਆਤਮਕ ਜੀਵਨ ਨੂੰ ਉਚਾ ਮੰਨਦੇ ਹਨ।

ਜੇ ਰੋਟੀ ਨਸ਼ਾਨਾ ਹੈ ਤਾਂ ਇਸ ਦੀ ਵੰਡ ਉਤੇ ਜ਼ਰੂਰ ਝਗੜਾ ਹੋਵੇਗਾ ਕਿਉਂਕਿ ਵਧਘਟ ਰੋਟੀ ਜਾਂ ਚੰਗੀ ਮੰਦੀ ਰੋਟੀ ਦਾ ਫਰਕ ਰਹਿਣਾ ਹੀ ਹੈ, ਜਿਸ ਦਾ ਨਸ਼ਾਨਾ ਆਤਮਕ ਜੀਵਨ ਅਥਵਾ ਭਗਤੀ ਹੈ ਓਹ ਝਗੜੇ ਤੋਂ ਉਤੇ ਉਠ ਸਕਦਾ ਹੈ, ਕਿਉਂਕਿ ਇਕ ਦੀ ਆਤਮਕ ਉੱਨਤੀ ਦੂਜੇ ਦੀ ਆਤਮਕ ਉੱਨਤੀ ਦੇ ਰਾਹ ਵਿਚ ਰੋਕ ਨਹੀਂ ਹੈ ਸਗੋਂ ਮਦਦ ਹੀ ਹੈ। ਜੇ ਮੈਂ ਬਹੁਤੀ ਜਾਂ ਚੰਗੀ ਰੋਟੀ (ਸਰੀਰਕ ਲੋੜਾਂ) ਲੈਂਦਾ ਹਾਂ ਤਾਂ ਦੂਜੇ ਲਈ ਘਟ ਜਾਂ ਮੰਦੀ ਰੋਟੀ ਰਹਿ ਜਾਂਦੀ ਹੈ। ਪਰ ਜੇ ਮੈਂ ਬਹੁਤਾ ਨਾਮ ਜਪਦਾ ਹਾਂ ਤਾਂ ਦੂਜੇ ਲਈ ਨਾਮ ਦਾ ਖ਼ਜਾਨਾ ਘਟਦਾ ਨਹੀਂ ਹੈ। **ਆਤਮਕ ਜੀਵਨ ਵਿਚ ਵਾਧਾ ਦੂਜੇ ਦੇ ਰਾਹ ਵਿਚ ਰੋਕ ਨਹੀਂ ਹੈ। ਪਰ ਸਰੀਰਕ ਲੋੜਾਂ ਦੀ ਪ੍ਰਾਪਤੀ ਦਾ ਵਾਧਾ ਦੂਜੇ ਦੇ ਰਾਹ ਵਿਚ ਰੋਕ ਹੈ।** ਇਸ ਲਈ ਦੁਨੀਆਂ ਵੀ ਲੋੜਾਂ ਦੀ ਪੂਰਨਤਾ ਜ਼ਰੂਰ ਝਗੜੇ ਦਾ ਕਾਰਨ ਬਣੇਗੀ। ਪਰ ਆਤਮਕ ਉੱਨਤੀ ਕਿਸੇ ਦੂਜੇ ਦੇ ਰਾਹ ਵਿਚ ਰੋਕ ਨਹੀਂ ਹੈ ਤੇ ਸਗੋਂ ਦੂਜਿਆਂ ਲਈ ਭੀ ਮਦਦ ਹੈ। ਇਸ ਕਰਕੇ ਆਤਮਕ ਜੀਵਨ ਦੀ ਉੱਨਤੀ ਝਗੜੇ ਮਟਾਣ ਦਾ ਸਾਧਨ ਬਣੇਗੀ।

ਇਉਂ ਸਮਝੋ ਕਿ ਜਿਤਨਾ ਜ਼ੋਰ ਤੇ ਧਿਆਨ ਸਰੀਰਕ ਲੋੜਾਂ ਨੂੰ ਅਸਲ ਜਾਂ ਵਡੀ ਵਸਤੂ ਸਾਬਤ ਕਰਨ ਵਿਚ ਲਗੇਗਾ, ਉਤਨੇ ਝਗੜੇ ਵਧਣਗੇ। ਕਮਯੂਨਿਸਟਾਂ ਦੀ ਇਹ ਹੈ ਮੁਢਲੀ ਭੁਲ। ਓਹ ਰੋਟੀ ਅਥਵਾ ਦੁਨਿਆਵੀ ਲੋੜਾਂ ਦੀ ਇਕੋ ਜੇਹੀ ਵੰਡ ਕਰਕੇ ਝਗੜਾ ਮੁਕਾਣਾ ਚਾਹੁੰਦੇ ਹਨ ਤੇ ਇਸ ਗਲ ਨੂੰ ਹੀ ਨਿਸ਼ਾਨਾ ਬਣਾਈ ਬੈਠੇ ਹਨ ਤੇ ਇਸੇ ਗਲ ਨੂੰ ਦਰਜਾ ਅਵਲ ਦੇ ਰਹੇ ਹਨ। ਸਿਖੀ ਵਿਚ ਇਕੋ ਜੇਹੀ ਵੰਡ ਅਥਵਾ ਇਨਸਾਫ ਦੀ ਵੰਡ ਨੂੰ ਠੀਕ ਕਿਹਾ ਗਿਆ ਹੈ ਤੇ ਨਾਲਾਂ

ਤੇ ਅਮੀਰੀ ਨੂੰ ਨਿੰਦਿਆ ਗਿਆ ਹੈ, **ਪਰ ਕਮਯੂਨਿਜ਼ਮ ਵਿਚ ਅਮੀਰੀ ਨੂੰ ਤਾਂ ਨਿੰਦਿਆ ਗਿਆ ਹੈ ਤੇ ਲਾਲਚ ਨੂੰ ਅਵਲ ਦਰਜਾ ਦਿਤਾ ਗਿਆ ਹੈ।** ਲਾਲਚ ਦੇ ਪ੍ਰਚਾਰ ਨਾਲ ਲਾਲਚੀਆਂ ਨੂੰ ਰੋਕਣ ਦਾ ਜਤਨ ਬਾਹਲਾ ਚਿਰ ਕਾਮਯਾਬ ਨਹੀਂ ਬਣ ਸਕਦਾ। ਇਸ ਲਈ ਕਮਊਨਿਜ਼ਮ ਜ਼ਰੂਰ ਨਾ-ਕਾਮਯਾਬ ਹੋਵੇਗਾ। ਪਰ ਦੁਨੀਆਂ ਦਾ ਧਿਆਨ ਲਾਲਚੀ ਅਮੀਰਾਂ ਦੇ ਪਖੰਡ ਵਲ ਜ਼ਰੂਰ ਦਿਵਾ ਦੇਵੇਗਾ। ਜੋ ਧਰਮ ਨੂੰ ਦੁਨਿਆਵੀ ਲਾਭਾਂ ਲਈ ਇਕ ਆੜ ਬਣਾ ਕੇ ਵਰਤ ਰਹੇ ਹਨ।

ਮੁਕਦੀ ਗਲ ਇਹ ਕਿ ਸਿਖੀ ਤੇ ਕਮਊਨਿਜ਼ਮ ਦੇ ਨਿਸ਼ਾਨੇ ਹੀ ਇਕ ਦੂਜੇ ਦੇ ਐਨ ਉਲਟ ਹਨ। ਸਿਖੀ ਆਤਮਕ ਜੀਵਨ ਨੂੰ ਮੁਖ ਸਮਝਦੀ ਹੈ ਤੇ ਕਮਊਨਿਸਟ ਦੁਨਿਆਵੀ ਜੀਵਨ ਤੋਂ ਛੁਟ ਕਿਸੇ ਹੋਰ ਜੀਵਨ ਨੂੰ ਮੰਨਦਾ ਹੀ ਨਹੀਂ ਹੈ। ਹਾਂ, ਇਸ ਗਲ ਵਿਚ ਮੇਲ ਜ਼ਰੂਰ ਹੈ ਕਿ ਦੋਵੇਂ ਮਾਇਆਧਾਰੀਆਂ ਦੇ ਖ਼ਲਾਫ਼ ਹਨ। ਪਰ ਨਿਸ਼ਾਨੇ ਦੇ ਫਰਕ ਕਰਕੇ ਅਸ਼ਲ ਵਿਚ ਇਤਨਾ ਫ਼ਰਕ ਜ਼ਰੂਰ ਹੋ ਜਾਵੇਗਾ ਕਿ **ਸਿਖ ਤਾਂ ਅਮੀਰ ਨੂੰ ਮੁਕਾ ਕੇ ਗਰੀਬ ਦਾ ਭਲਾ ਕਰੇਗਾ ਤੇ ਕਮਯੂਨਿਸਟ ਅਮੀਰ ਨੂੰ ਮੁਕਾ ਕੇ ਆਪਣਾ ਭਲਾ ਮੁਖ ਰਖੇਗਾ।** ਬੇਸ਼ਕ ਦੂਜੇ ਕਮਊਨਿਸਟਾਂ ਤੋਂ ਡਰ ਕਰਕੇ ਕਮਊਨਿਸਟ ਅਮੀਰ ਨੂੰ ਲੁਟ ਕੇ ਇਸ ਵੇਲੇ ਗਰੀਬਾਂ ਵਿਚ ਵੰਡਦਾ ਹੈ ਪਰ ਜੇ ਕੋਈ ਵੇਖਣ ਵਾਲਾ ਨਾ ਹੋਵੇਗਾ ਤਾਂ ਉਸਦਾ ਨਿਸ਼ਾਨਾ ਤਾਂ ਚੰਗੀ ਰੋਟੀ ਹੋਣ ਕਰਕੇ ਅਮੀਰੀ ਦੀ ਦੌਲਤ ਆਪਣੇ ਕਬਜੇ ਕਰਨ ਦੀ ਕਰੇਗਾ। **ਪਰ ਸਿਖ ਅਮੀਰ ਨੂੰ ਮੁਕਾ ਕੇ ਆਪ ਕਦਾਚਿਤ ਅਮੀਰ ਬਨਣ ਦਾ ਜਤਨ ਨਹੀਂ**

ਕਰੇਗਾ। ਓਹ ਤਾਂ ਅਮੀਰੀ ਨੂੰ ਪਾਪ ਸਮਝਦਾ ਹੈ । ਪਰ ਕਮਯੂ-ਨਿਸਟ ਦੂਜੇ ਕੋਲ ਧਨ ਜਮ੍ਹਾਂ ਹੋਣ ਦੇ ਵਿਰੁਧ ਹੈ । ਜੇ ਉਸਦੇ ਆਪਣੇ ਕੋਲ ਜਮ੍ਹਾ ਹੋਵੇ ਤਾਂ ਓਹ ਦਿਲੋਂ ਤਾਂ ਬੁਰਾ ਨਹੀਂ ਸਮਝਦਾ, ਡਰ ਦੇ ਮਾਰੇ ਭਾਵੇਂ ਓਹ ਜਮ੍ਹਾ ਨਾ ਕਰੇ। ਸਿਖ ਅਸੂਲਨ ਅਮੀਰੀ ਦੇ ਵਿਰੁਧ ਹੈ। ਸਿਖ ਅਮੀਰੀ ਨੂੰ ਖਤਮ ਕਰਨਾ ਚਾਂਹਦਾ ਹੈ। ਪਰ ਕਮਯੂਨਿਸਟ ਦੂਜੇ ਦੀ ਅਮੀਰੀ ਨੂੰ ਖਤਮ ਕਰੇਂਦਾ ਹੈ। ਨੂੰ **ਸਿਖ ਦੀ ਕਾਮਯਾਬੀ ਲਾਲਚ ਹਟਾਂਦੀ ਹੈ। ਪਰ ਕਮਯੂਨਿਸਟ ਦੀ ਕਾਮਯਾਬੀ ਲਾਲਚ ਦਾ ਪੈਂਤੜਾ ਬਦਲਦੀ ਹੈ।**

ਕਮਿਊਨਿਜ਼ਮ ਦਾ

ਨਿਸ਼ਾਨਾ ਪਿੱਠ ਵੰਨੇ

ਸੋਸ਼ਲਿਜ਼ਮ ਤੇ ਕਮਯੂਨਿਜ਼ਮ ਵਿਚ ਮੈਂ ਬਾਹਲਾ ਫ਼ਰਕ ਨਹੀਂ ਸਮਝਦਾ ਹਾਂ। ਦੋਹਾਂ ਦਾ ਆਰਥਕ ਨਸ਼ਾਨਾ ਇਕੋ ਹੈ । ਇਸ ਵੇਲੇ ਜੋ ਫ਼ਰਕ ਨਜ਼ਰ ਆ ਰਿਹਾ ਹੈ ਓਹ ਹੈ ਕੰਮ ਕਰਨ ਦੇ ਤਰੀਕੇ ਦਾ, ਜਾਂ ਰੂਸ ਨਾਲ ਹਮਦਰਦੀ। ਤਰੀਕੇ ਦਾ ਜੋ ਫ਼ਰਕ ਹੈ ਉਸ ਦੀ ਬਹੁਤ ਕੀਮਤ ਨਹੀਂ ਹੈ ਕਿਉਂਕਿ ਤਰੀਕੇ ਤਾਂ ਹਰ ਪਾਰਟੀ ਹਾਲਾਤ ਮੁਤਾਬਕ 'ਬਦ-ਲਦੀ ਰਹਿੰਦੀ ਹੈ। ਜੇ ਕਮਿਊਨਿਸਟਾਂ ਨੂੰ ਅਮਨ ਦੇ ਤਰੀਕਿਆਂ ਵਿਚ ਨਾਉਮੈਦੀ ਨਜ਼ਰ ਨਾ ਆਵੇ ਜਾਂ ਅਮਨ ਦੇ ਤਰੀਕਿਆਂ ਵਿਚ ਬੇਜਾ ਰੁਕਾਵਟ ਪੈਂਦੀ ਨਾ ਦਿਸੇ ਤਾਂ ਓਹ ਕਿਉਂ ਅਸ਼ਾਂਤੀ ਦੇ ਤਰੀਕੇ ਵਰਤਣ। ਆਖਰ ਕਮਿਊਨਿਸਟ ਭੀ ਤਾਂ ਸਾਡੇ ਵਿਚੋਂ ਹੀ ਹਨ, ਓਹ ਕੋਈ ਵਖਰੇ ਦੈਂਤਾਂ ਜਾਂ ਰਾਖਸ਼ਾਂ ਦੀ ਸੰਤਾਨ ਤਾਂ ਨਹੀਂ ਹਨ । ਕੋਈ ਆਦਮੀ ਵਾਧੂ ਬਿਪਤਾ ਨਾ ਲੈਣੀ ਚਾਂਹਦਾ ਹੈ ਤੇ ਨਾ ਕਿਸੇ ਨੂੰ ਦੇਣੀ ਚਾਂਹਦਾ ਹੈ । ਕੋਈ ਆਦਮੀ ਲੜਾਈ ਨਹੀਂ ਕਰਨਾ ਚਾਂਹਦਾ, ਕਿਉਂਕਿ ਜੋ ਜਿਤੇਗਾ ਭੀ ਕੁਝ

ਸੱਟ ਉਸ ਨੂੰ ਭੀ ਤਾਂ ਲਗੇਗੀ ਭਾਵੇਂ ਹਾਰਨ ਵਾਲੇ ਨਾਲੋਂ ਘੱਟ ਲਗੇਗੀ। ਦੂਜੇ ਨੂੰ ਵੱਧ ਲਗੀ ਸੱਟ ਵੇਖ ਕੇ ਆਪਣੀ ਸੱਟ ਦਾ ਦਰਦ ਘਟ ਤਾਂ ਨਹੀਂ ਜਾਂਦਾ? ਫਿਰ ਜਿੱਤ ਦਾ ਪੱਕਾ ਪਤਾ ਭੀ ਕਿਸੇ ਨੂੰ ਨਹੀਂ ਹੋ ਸਕਦਾ। ਜੋ ਦੋ ਲੜਦੇ ਹਨ ਉਨ੍ਹਾਂ ਦੋਹਾਂ ਵਿਚੋਂ ਕਿਸੇ ਨੂੰ ਜਿੱਤਣ ਦੀ ਪੱਕੀ ਆਸ ਜਾਂ ਪੱਕੀ ਮਾਯੂਸੀ ਨਹੀਂ ਹੋ ਸਕਦੀ। ਜਿਸ ਨੂੰ ਜਿੱਤਣ ਦੀ ਕੋਈ ਆਸ ਨਾ ਹੋਵੇ ਓਹ ਲੜੇ ਹੀ ਕਿਉਂ ਭਾਈ? ਲੜਾਈ ਤਾਂ ਹੁੰਦੀ ਹੀ ਤਦੇ ਹੈ ਜੇ ਲੜਾਈ ਦੇ ਨਤੀਜੇ ਦਾ ਪਤਾ ਨਹੀਂ ਹੁੰਦਾ। ਫਿਰ ਕਮਯੂਨਿਸਟ ਖਾਹਮਖਾਹ ਲੜਾਈ ਕਿਉਂ ਕਰਨ? ਕੀ ਪਤਾ ਹੈ ਕਿ ਓਹ ਆਪ ਹੀ ਹਾਰਨ ਤੇ ਮਟਨ। ਮੇਰਾ ਮਤਲਬ ਇਹ ਹੈ ਕਿ ਜੋ ਕਿਹਾ ਜਾ ਰਿਹਾ ਹੈ ਕਿ ਕਮਿਊਨਿਸਟ ਬਦ-ਅਮਨੀ ਚਾਹੁੰਦੇ ਹਨ, ਇਸ ਵਿਚ ਕੇਵਲ ਇਤਨੀ ਹੀ ਸਚਾਈ ਹੋ ਸਕਦੀ ਹੈ ਕਿ ਉਨ੍ਹਾਂ ਨੂੰ ਅਮਨ ਦੇ ਤ੍ਰੀਕੇ ਵਰਤਣ ਵਿਚ ਰੋਕ ਪੈਂਦੀ ਪ੍ਰਤੀਤ ਹੁੰਦੀ ਹੋਵੇ ਤੇ ਖਿਝ ਕੇ ਬਦਅਮਨੀ ਵਲ ਪੈਂਦੇ ਹੋਣ।

ਤ੍ਰੀਕੇ ਤਾਂ ਆਰਜ਼ੀ ਗੱਲ ਹੈ। ਜੋ ਅਜ ਅਮਨ ਦੇ ਤ੍ਰੀਕੇ ਦੇ ਹੱਕ ਵਿਚ ਹੈ ਓਹ ਕੱਲ ਬਦ-ਅਮਨੀ ਦੇ ਤ਼ਰੀਕੇ ਦੇ ਹੱਕ ਵਿਚ ਹੋ ਸਕਦਾ ਹੈ। ਤਰੀਕੇ ਤਾਂ ਹਰ ਕੋਈ ਆਦਮੀ ਤੇ ਹਰ ਪਾਰਟੀ ਹਾਲਾਤ ਮੁਤਾਬਕ ਬਦਲਦੀ ਰਹੇਗੀ। ਰੂਸ ਵਿਚ ਬਾਦਸ਼ਾਹ ਨੂੰ ਸੋਸ਼ਲਿਸਟਾਂ ਨੇ ਬਦ-ਅਮਨੀ ਦੇ ਜ਼ੋਰ ਨਾਲ ਕਢਿਆ ਤੇ ਮਾਰਿਆ। ਪਰ ਆਪੋ ਵਿਚ ਤਾਂ ਉਨ੍ਹਾਂ ਵੋਟਾਂ ਹੀ ਲਈਆਂ ਸਨ ਜਦ ਕਮਿਊਨਿਸਟ (ਅਥਵਾ ਬਾਲਸ਼ਵਿਕ) ਜਿਤੇ ਸਨ। ਜਿਸ ਦੀ ਹਕੂਮਤ ਹੋ ਜਾਂਦੀ ਹੈ ਓਹ ਤਾਂ ਸਦਾ ਅਮਨ ਦੇ ਹੱਕ ਵਿਚ ਹੀ ਹੁੰਦਾ ਹੈ। ਇਸ ਵੇਲੇ ਰੂਸ ਵਿਚ ਤਾਂ ਕਮਿਊਨਿਸਟ ਅਮਨ ਦੇ ਹੱਕ ਵਿਚ ਹੀ ਹਨ। ਜੇ ਓਹ ਬਦਅਮਨੀ ਦੇ ਹੱਕ ਵਿਚ ਹਨ ਤਾਂ ਉਸ ਥਾਂ ਜਿਥੇ ਉਨ੍ਹਾਂ ਦੀ ਹਕੂਮਤ ਨਹੀਂ ਹੈ ਜਾਂ ਜਿਥੇ ਵੋਟਾਂ ਨਾਲ ਉਨ੍ਹਾਂ ਨੂੰ ਹਕੂਮਤ ਕ਼ਾਇਮ ਕਰਨ ਦੀ ਆਸ ਨਹੀਂ ਹੈ। ਇਸ ਤਰ੍ਹਾਂ ਦੀ, ਵੋਟਾਂ ਵਿਚ ਮਾਯੂਸੀ ਹੋਣ ਵਿਚ ਉਨ੍ਹਾਂ ਦਾ ਆਪਣਾ ਕਸੂਰ ਵੀ ਹੋ ਸਕਦਾ ਹੈ ਤੇ ਉਸ ਥਾਂ ਦੀ ਹਕੂਮਤ ਦਾ ਭੀ। ਜੇਕਰ ਲੋਕੀਂ ਉਨ੍ਹਾਂ ਨਾਲ ਘਟ ਹਨ ਤਾਂ ਉਨ੍ਹਾਂ ਦਾ ਆਪਣਾ ਕਸੂਰ ਹੈ ਤੇ ਬਦਅਮਨੀ ਫੈਲਾ ਕੇ ਉਹ ਮੌਤ

ਹੀ ਲੈਣਗੇ। ਪਰ ਜੇ ਹਕੂਮਤ ਉਨ੍ਹਾਂ ਨੂੰ ਸ਼ਾਂਤੀ ਨਾਲ ਪ੍ਰਚਾਰ ਕਰਨ ਦੀ ਖੁਲ੍ਹ ਭੀ ਨਾ ਦੇਵੇ ਤਾਂ ਹਕੂਮਤ ਦਾ ਕਸੂਰ ਹੈ ਤੇ ਹਕੂਮਤ ਦੇ ਇਸ ਬੇਜਾ ਰਵਯੇ ਨਾਲ ਕਮਯੂਨਿਸਟਾਂ ਨਾਲ ਹਮਦਰਦੀ ਵਧੇਗੀ ਤੇ ਉਨ੍ਹਾਂ ਦੇ ਅਸ਼ਾਂਤੀ ਵਰਤਣ ਉਤੇ ਇਤਰਾਜ ਨਹੀਂ ਕੀਤਾ ਜਾ ਸਕਦਾ, ਕਿਉਂਕਿ ਅਸ਼ਾਂਤੀ ਵਲ ਤਾਂ ਉਹ ਧੱਕ ਰਹੇ ਹਨ ਜੋ ਸ਼ਾਂਤੀ ਨਾਲ ਪ੍ਰਚਾਰ ਨਹੀਂ ਕਰਨ ਦੇਂਦੇ।

ਦੂਜਾ ਇਤਰਾਜ ਕਮਿਊਨਿਸਟਾਂ ਵਿਰੁਧ ਇਹ ਹੋ ਰਿਹਾ ਹੈ ਕਿ ਉਹ ਰੂਸ ਦੇ ਏਜੰਟ ਹਨ। ਹਿੰਦੁਸਤਾਨੀ ਕਮਿਊਨਿਸਟਾਂ ਵਿਰੁਧ ਲੱਗਾ ਇਹ ਇਲਜ਼ਾਮ ਬਿਨਾਂ ਵਜ਼ਨ ਨਹੀਂ ਹੈ। ਪਿਛਲੇ ਜੰਗ ਵਿਚ ਉਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਦਾ ਫਿਕਰ ਛੱਡ ਕੇ ਰੂਸ ਦੀ ਮੱਦਦ ਦਾ ਫਿਕਰ ਜ਼ਿਆਦਾ ਕੀਤਾ ਸੀ। ਰੂਸ ਨਾਲ ਕਮਿਊਨਿਸਟਾਂ ਦੀ ਹਮਦਰਦੀ ਹੋਣੀ ਕੁਦਰਤੀ ਗੱਲ ਹੈ। ਖਿਆਲ ਜੋ ਮਿਲਦੇ ਹੋਏ, ਤਾਂ ਇਕ ਦੂਜੇ ਨੂੰ ਮਦਦ ਭੀ ਦੇਣੀ ਹੀ ਹੋਈ। ਪਰ ਰੂਸ ਦੇ ਆਖੇ ਅੰਗਰੇਜ਼ ਦੀ ਜੰਗ ਵਿਚ ਮਦਦ ਕਰਨਾ ਬਾਹਲਾ ਦੂਰ ਜਾਣਾ ਸੀ ਤੇ ਸਾਡੇ ਹਿੰਦੁਸਤਾਨੀ ਕਮਿਊਨਿਸਟਾਂ ਉਤੋਂ ਇਹ ਇਲਜ਼ਾਮ ਲਹਿ ਨਹੀਂ ਸਕਦਾ। ਪਰ ਇਹ ਨਹੀਂ ਸਮਝਣਾ ਚਾਹੀਦਾ ਕਿ ਜੋ ਭੁਲ ਕਮਿਊਨਿਸਟਾਂ ਨੇ ਪਿਛਲੇ ਜੰਗ ਸਮੇਂ ਕੀਤੀ ਹੈ ਉਹ ਸਦਾ ਕਰੀ ਹੀ ਜਾਨਗੇ। ਅੰਗਰੇਜ਼ ਦਾ ਅਥਵਾ ਬਦੇਸ਼ੀ ਰਾਜ ਦਾ ਤਾਂ ਫਸਤਾ ਹੀ ਮੁਕ ਗਿਆ ਹੈ। ਹੁਣ ਦੇ ਹਾਲਾਤ ਵਿਚ ਤਾਂ ਕਮਿਊਨਿਸਟ ਇਕੋ ਬੁਰਾਈ ਕਰ ਸਕਦੇ ਹਨ ਕਿ ਉਹ ਹਿੰਦੁ-ਸਤਾਨ ਨੂੰ ਰੂਸ ਦਾ ਗੁਲਾਮ ਬਨਾਣ ਦੀ ਇਛਾ ਕਰਨ। ਇਹ ਗਲ ਅਣਹੋਣੀ ਹੈ। ਉਹ ਰੂਸ ਨਾਲ ਹਮਦਰਦੀ ਰਖ ਸਕਦੇ ਹਨ ਤੇ ਰੂਸ ਦੀ ਮਦਦ ਨਾਲ ਇਥੇ ਕਮਿਊਨਿਜ਼ਮ ਫੈਲਾਣ ਦੀ ਇਛਾ ਰਖ ਸਕਦੇ ਹਨ, ਪਰ ਇਸ ਦੇਸ ਨੂੰ ਰੂਸ ਦੀ ਗੁਲਾਮੀ ਵਿਚ ਫਸਾਣ ਦੀ ਇਛਾ ਨਹੀਂ ਰਖ ਸਕਦੇ। ਰੂਸ ਨਾਲ ਹਮਦਰਦੀ ਰਖਣਾ ਜਾਂ ਉਸ ਦੀ ਮਦਦ ਲੈਣਾ ਕੋਈ ਇਤਰਾਜ਼ ਯੋਗ ਭੀ ਨਹੀਂ ਕਿਹਾ ਜਾ ਸਕਦਾ। ਜੇਕਰ ਅਮਰੀਕਾ ਜਾਂ ਇੰਗਲਸਤਾਨ ਨਾਲ ਹਮਦਰਦੀ ਰਖਣਾ ਜਾਂ ਉਨ੍ਹਾਂ ਤੋਂ ਸਹਾਇਤਾ ਲੈਣਾ ਮਾੜਾ ਨਹੀਂ ਹੈ ਤਾਂ ਰੂਸ ਨਾਲ ਇਹੋ ਜੇਹੇ ਸੰਬੰਧ ਭੀ ਮਾੜੇ ਨਹੀਂ

ਕਹੇ ਜਾ ਸਕਦੇ। ਇਸ ਕਰਕੇ ਮੈਨੂੰ ਤਾਂ ਇਸ ਗਲ ਦਾ ਕੋਈ ਇਤਰਾਜ਼ ਨਹੀਂ ਹੈ।

ਮੈਨੂੰ ਤਾਂ ਇਤਰਾਜ਼ ਕੇਵਲ ਇਸ ਗਲ ਦਾ ਹੈ ਕਿ ਕਮਯੂਨਿਸਟ ਇਸ ਦੁਨੀਆਂ ਤੋਂ ਜਾਂ ਇਸ ਮਾਇਆ ਤੋਂ ਪਰੇ ਕੁਝ ਨਹੀਂ ਵੇਖਦੇ। ਉਨ੍ਹਾਂ ਦਾ ਅਸੂਲ ਹੈ ਕਿ ਸਭ ਦੁਨੀਆਂ ਇਕ ਟਬਰ ਵਾਂਗੂ ਰਹੇ। ਹਰ ਕੋਈ ਆਪਣੇ ਵਿਤ ਅਨੁਸਾਰ ਕੰਮ ਕਰੇ ਤੇ ਲੋੜ ਅਨੁਸਾਰ ਵਰਤੇ ਖਾਏ। ਚੂੰਕਿ ਇਸ ਵੇਲੇ ਕਮਯੂਨਿਸਟ ਇਤਨਾ ਹੀ ਰੂਸ ਆਦਿ ਦੇਸਾਂ ਵਿਚ ਅਮਲ ਵਿਚ ਲਿਆ ਰਹੇ ਹਨ ਕਿ ਜ਼ਮੀਨ ਸਭ ਕੌਮ ਦੀ ਮਾਲਕੀ ਹੈ ਤੇ ਵਡੇ ਵਡੇ ਕਾਰਖਾਨੇ ਭੀ ਕੌਮ ਦੀ ਮਾਲਕੀ ਹਨ। ਉਂਞ ਤਾਂ ਉਹ ਸਭ ਕੁਝ ਕੌਮੀ ਮਾਲਕੀ ਕਰਨਾ ਚਾਹੁੰਦੇ ਹਨ ਪਰ ਆਦਮੀ ਦਾ ਖੁਦਗਰਜ਼ੀ ਦਾ ਸੁਭਾ ਪੂਰੀ ਸਾਂਝ ਕਰਨ ਦੇ ਰਾਹ ਵਿਚ ਰੋਕ ਹੀ ਹੈ। ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਕਮਯੂਨਿਸਟਾਂ ਨੂੰ ਕੋਈ ਕਾਮਯਾਬੀ ਨਹੀਂ ਹੋ ਰਹੀ। ਰੂਸ ਕਮਯੂਨਿਸਟ ਹੈ ਤੇ ਇਸ ਵੇਲੇ ਇਸ ਦੇ ਮੁਕਾਬਲੇ ਦਾ ਅਮਰੀਕਾ ਬਿਨਾਂ ਹੋਰ ਕੋਈ ਮੁਲਕ ਨਹੀਂ ਹੈ। ਰੂਸ ਵਿਚ ਇਹ ਤਾਕਤ ਕਮਯੂਨਿਜ਼ਮ ਨੇ ਹੀ ਲਿਆਂਦੀ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਕਮਿਊਨਿਜ਼ਮ ਦਾ ਮਾਲੀ ਤੇ ਪੋਲੀਟੀਕਲ ਪ੍ਰੋਗਰਾਮ ਚੰਗਾ ਹੈ। ਮੈਨੂੰ ਨਾ ਕੇਵਲ ਕਮਯੂਨਿਜ਼ਮ ਦੇ ਪੋਲੀਟੀਕਲ ਤੇ ਮਾਲੀ ਪ੍ਰੋਗਰਾਮ ਉਤੇ ਇਤਰਾਜ਼ ਹੀ ਕੋਈ ਨਹੀਂ ਹੈ, ਸਗੋਂ ਇਸ ਦੇ ਹਕ ਵਿਚ ਹਾਂ। ਹਾਂ, ਇਸ ਨੂੰ ਭੀ ਮੈਂ ਮੁਕੰਮਲ ਨਹੀਂ ਸਮਝਦਾ ਤੇ ਇਸ ਤੋਂ ਭੀ ਕੋਈ ਚੰਗਾ ਪਰੋਗਰਾਮ ਹੋਵੇ ਤਾਂ ਠੀਕ ਹੈ। ਪਰ ਮੌਜੂਦਾ ਸਭ ਪੋਲੀਟੀ-ਕਲ ਤੇ ਮਾਲੀ ਪਰੋਗਰਾਮਾਂ ਵਿਚੋਂ ਇਹ ਬਾਜ਼ੀ ਲੈ ਗਿਆ ਜਾਪਦਾ ਹੈ। ਪਰ ਮੈਂ ਬੋਲਸ਼ਵਿਜ਼ਮ ਦੇ ਮੁਖਾਲਫ ਹਾਂ ਤੇ ਕੇਵਲ ਇਸ ਕਰਕੇ ਮੁਖਾ-ਲਫ ਹਾਂ ਕਿ ਇਸ ਦਾ ਨਿਸ਼ਾਨਾ ਮਾਇਆ ਤੋਂ ਉਠਦਾ ਹੀ ਨਹੀਂ। ਜੇਕਰ ਬੋਲਸ਼ਵਿਜ਼ਮ ਮਾਲੀ ਤੇ ਪੋਲੀਟੀਕਲ ਪਰੋਗਰਾਮ ਤਕ ਹੀ ਆਪਣੇ ਆਪ ਨੂੰ ਮਾਦੂਦ ਰਖੇ ਤਾਂ ਇਹ ਮੌਜੂਦਾ ਤ੍ਰੀਕਿਆਂ ਵਿਚੋਂ ਕਿਸੇ ਨਾਲੋਂ ਮਾੜਾ ਨਹੀਂ ਹੈ। ਪਰ ਇਹ ਤਾਂ ਕਹਿੰਦਾ ਹੈ ਕਿ ਬਸ ਇਸ ਦੁਨੀਆਂ ਤੋਂ ਪਰੇ ਕੁਝ ਹੈ ਹੀ ਨਹੀਂ ਤੇ ਜੋ ਪ੍ਰਮਾਤਮਾਂ ਨੂੰ ਮੰਨੇ

ਉਹ ਚੰਗਾ ਬੋਲਸ਼ਵਿਕ ਹੋ ਨਹੀਂ ਸਕਦਾ। ਇਸ ਵੇਲੇ ਰੂਸ ਦੀ ਕੈਬੀ-ਨਟ ਵਿਚ ਕੋਈ ਵਜ਼ੀਰ ਹੋ ਨਹੀਂ ਸਕਦਾ ਜੋ ਰਬ ਨੂੰ ਮੰਨਦਾ ਹੋਵੇ। ਅਗੇ ਤਾਂ ਰੂਸੀ ਬੋਲਸ਼ਵਿਕ ਧਰਮ ਦੀ ਆਜ਼ਾਦੀ ਵਿਚ ਰੋਕ ਪਾਂਦੇ ਸਨ। ਪਰ ਹੁਣ ਦੂਜੇ ਦੇ ਰਾਹ ਵਿਚ ਸਿਧੀ ਰੋਕ ਤਾਂ ਕੋਈ ਨਹੀਂ ਪਾਂਦੇ, ਪਰ ਧਰਮੀਆਂ ਦੀ ਪੋਜ਼ੀਸ਼ਨ ਗਵਾਈ ਰਖਦੇ ਹਨ। ਜਿਸ ਦਾ ਮਤਲਬ ਇਹ ਹੈ ਕਿ ਉਹ ਧਰਮ ਦੀ ਵਿਰੋਧਤਾ ਕਰਦੇ ਹਨ। ਇਸ ਥਾਂ ਮੈਂ ਇਹ ਕਹਿਣੋਂ ਝਿਜਕ ਨਹੀਂ ਕਰਦਾ ਕਿ ਜਿਸ ਤਰ੍ਹਾਂ ਸਾਡੇ ਹਿੰਦੁਸਤਾਨ ਵਿਚ "ਫਿਰਕੇਦਾਰੀ ਫਿਰਕੇਦਾਰੀ" ਕਹਿਕੇ ਸਾਡੀ ਹਕੂਮਤ ਘਟ-ਸੰਮਤੀਆਂ ਦੀ ਧਾਰਮਕ ਆਜ਼ਾਦੀ ਵਿਚ ਰੋਕ ਪਾ ਰਹੀ ਹੈ, ਇਸ ਤਰ੍ਹਾਂ ਰੂਸ ਵਾਲੇ ਇਸ ਵੇਲੇ ਕਿਸੇ ਥਾਂ ਰੋਕ ਨਹੀਂ ਪਾ ਰਹੇ। ਰੂਸੀ ਸਰਕਾਰਨੇ ਘਟ ਸੰਮਤੀਆਂ ਨੂੰ ਇਹ ਭੀ ਹਕ ਦਿਤਾ ਹੋਇਆ ਹੈ ਕਿ ਜੇ ਉਹ ਚਾਹੁਣ ਤਾਂ ਆਪਣੇ ਇਲਾਕੇ ਨੂੰ ਰੂਸ ਨਾਲੋਂ ਬਿਲਕੁਲ ਅਡਰਾ ਕਰਕੇ ਅਡਰੀ ਹਕੂਮਤ ਬਣਾ ਲੈਣ (ਇਹ ਗਲ ਮੈਂ ਪੰਡਤ ਜਵਾਹਰ ਲਾਲ ਦੀ ਆਪਣੀ ਲਿਖਤ ਵਿਚੋਂ ਲੈ ਕੇ ਕਹਿ ਰਿਹਾ ਹਾਂ)। ਪਰ ਸਾਨੂੰ ਤਾਂ ਪੰਜਾਬੀ ਬੋਲੀ ਦਾ ਸੂਬਾ ਬਣਾਣ ਦਾ ਹੱਕ ਭੀ ਅਜੇ ਤਕ ਸਰਕਾਰ ਨਹੀਂ ਦੇ ਰਹੀ ਹੈ। ਜਰਮਨੀ ਦੇ ਰੂਸ ਦੇ ਮੱਲੇ ਇਲਾਕੇ ਵਿਚ ਚੋਣ ਲੜਨ ਵਾਲੀਆਂ ਪੋਲੀਟਿਕਲ ਪਾਰਟੀਆਂ ਵਿਚ ਇਕ ਪਾਰਟੀ *Christian Democratic Union* ਭੀ ਹੈ। ਉਥੇ ਰੂਸੀਆਂ ਨੇ ਕੋਈ ਜੋਰ ਨਹੀਂ ਦਿਤਾ ਕਿ ਧਰਮ ਤੇ ਪਾਲਿਟਿਕਸ ਅਡਰੇ ਕਰੋ। ਕਿਸੇ ਹੋਰ ਦੇਸ ਵਿਚ ਭੀ ਜੋਰ ਨਹੀਂ ਦਿਤਾ ਗਿਆ। ਪਰ ਸਾਡੀ ਸਰਕਾਰ ਤਾਂ ਜੋਰ ਨਾਲ ਧਰਮ ਤੇ ਪਾਲਿਟਿਕਸ ਘਟ-ਸੰਮਤੀਆਂ ਤੋਂ ਵਖਰਾ ਕਰਾਣਾ ਚਾਹੁੰਦੀ ਹੈ ਤੇ ਆਪ ਆਜ਼ਾਦੀ ਦਿਨ ਉਤੇ ਵਾਹਿਗੁਰੂ ਅਗੇ ਪ੍ਰਾਰਥਨਾ ਭੀ ਕਰਾਉਂਦੇ ਹਨ। ਮੈਂ ਕਹਿੰਦਾ ਹਾਂ ਕਿ ਅੰਗਰੇਜ਼ ਦੇ ਸਮੇਂ ਸਾਨੂੰ ਅਜ ਨਾਲੋਂ ਵਧੇਰੇ ਧਾਰਮਕ ਆਜ਼ਾਦੀ ਸੀ। ਅੰਗਰੇਜ਼ ਨੇ ਪੰਜਾਬ ਦੇ ਭਿਆਨਕ ਕਤਲਾਂ ਦੇ ਸਮੇਂ ਭੀ ਸਾਡੀ ਕ੍ਰਿਪਾਨ ਦੀ ਆਜ਼ਾਦੀ ਨਹੀਂ ਸੀ ਖੋਹੀ। ਅੰਗਰੇਜ ਨੇ ਗੁਰਦੁਆਰਿਆਂ ਵਿਚ ਸਮਾਗਮ ਮੋਰਚਿਆਂ ਸਮੇਂ ਭੀ ਬੰਦ ਨਹੀਂ ਸਨ ਕੀਤੇ। ਪਰ ਸਾਡੀ ਕਾਂਗਰਸ ਸਰਕਾਰ ਨੇ

ਯੂ. ਪੀ. ਵਿਚ ਸਾਡੀ ਕਿਰਪਾਨ ਉਤੇ ਪਾਬੰਦੀ ਲਾਈ ਤੇ ਸਾਡੇ ਸਮਾਗਮ ਗੁਰਦੁਵਾਰਿਆਂ ਵਿਚ ਭੀ ਇਹ ਕਹਿਕੇ ਬੰਦ ਕੀਤੇ ਕਿ ਧਰਮ ਤੇ ਪਾਲਿਟਿਕਸ ਅਡਰਾ ਹੋਣਾ ਚਾਹੀਦਾ ਹੈ । ਜਦ ਇਹ ਫੈਸਲਾ ਹੀ ਤੁਸਾਂ ਕਰਨਾ ਹੈ ਕਿ ਧਰਮ ਦਾ ਪਾਲਿਟਿਕਸ ਨਾਲ ਸੰਬੰਧ ਨਾ ਹੋਵੇ ਤਾਂ ਸਾਨੂੰ ਧਾਰਮਕ ਆਜ਼ਾਦੀ ਕਾਹਦੀ ਹੋਈ। ਸਾਨੂੰ ਧਾਰਮਕ ਆਜ਼ਾਦੀ ਤਾਂ ਤਦੇ ਹੈ ਜੇ ਇਹ ਸਾਡੇ ਵਸ ਵਿਚ ਹੋਵੇ ਕਿ ਅਸੀਂ ਧਰਮ ਦਾ ਪਾਲਿਟਿਕਸ ਜਾਂ ਕਿਸੇ ਹੋਰ ਜੀਵਨ ਦੇ ਅੰਸ਼ ਨਾਲ ਕਿਸ ਹਦ ਤਕ ਸੰਬੰਧ ਰਖੀਏ।

ਬੋਲਸ਼ਵਿਕਾਂ ਨੇ ਜੋ ਰੂਸ ਵਿਚ ਤੇ ਹੋਰ ਦੇਸਾਂ ਵਿਚ ਧਰਮ ਦੇ ਸੰਬੰਧ ਵਿਚ ਇਸ ਵੇਲੇ ਰਵੀਯਾ ਧਾਰਨ ਕੀਤਾ ਹੈ ਉਹ ਸਾਡੀ ਸਰਕਾਰ ਨਾਲੋਂ ਤਾਂ ਵਧੇਰੇ ਘਟ ਸੰਮਤੀਆਂ ਨੂੰ ਧਰਮ ਦੀ ਆਜ਼ਾਦੀ ਦੇਂਦਾ ਹੈ। ਪਰ ਫਿਰ ਭੀ ਮੈਨੂੰ ਰੂਸ ਦੇ ਰਵੀਯੇ ਉਤੇ ਅਜੇ ਤਸਲੀ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਵਡੇ ਆਗੂਆਂ ਵਿਚ ਇਕ ਭੀ ਨਹੀਂ ਹੈ ਜੋ ਰਬ ਜਾਂ ਕਿਸੇ ਧਰਮ ਨੂੰ ਮੰਨਣ ਵਾਲਾ ਹੋਵੇ।

ਪਰ ਪਕਾ ਇਤਰਾਜ਼ ਜੋ ਮੈਨੂੰ ਬੋਲਸ਼ਵਿਕ ਵਿਰੁਧ ਹੈ ਉਹ ਹੈ ਉਸ ਦੇ ਨਸ਼ਾਨੇ ਉਤੇ। ਇਕ ਪਾਸੇ ਤਾਂ ਉਹ ਮਾਇਆ ਧਾਰੀਆਂ ਦੇ ਵਿਰੁਧ ਹੈ ਤੇ ਦੂਜੇ ਪਾਸੇ ਮਾਇਆ ਤੋਂ ਪਰੇ ਨਿਸ਼ਾਨਾ ਹੀ ਕੋਈ ਨਹੀਂ ਹੈ। ਬੋਲਸ਼ਵਿਕ ਦੀ ਇਛਾ ਹੀ ਨਹੀਂ, ਸਗੋਂ ਨਿਸ਼ਾਨਾ ਭੀ ਮਾਇਆ ਦੀ ਠੀਕ ਵੰਡ ਹੈ। ਜੇ ਮਾਇਆ ਦੀ ਵੰਡ ਹੀ ਸਾਡੇ ਜੀਵਨ ਦਾ ਅਸਲ ਮਨੋਰਥ ਹੈ ਤਾਂ ਮਾਇਆ ਤੋਂ ਉਤੇ ਤਾਂ ਕੁਝ ਨਾ ਹੋਇਆ। ਜੇ ਮਾਇਆ ਹੀ ਸਭ ਤੋਂ ਉਤਮ ਵਸਤੂ ਹੈ ਤੇ ਇਸੇ ਗਲ ਦਾ ਹੀ ਪ੍ਰਚਾਰ ਹੈ ਤਾਂ ਲੋਕਾਂ ਦੇ ਮਨ ਵਿਚ ਮਾਇਆ ਦਾ ਲਾਲਚ ਵਧੇਰੇ ਡੂੰਘਾ ਹੋ ਜਾਵੇਗਾ। ਬੋਲਸ਼ਵਿਜ਼ਮ ਮਾਇਆ ਦਾ ਲਾਲਚ ਘਟਾਣ ਦੀ ਥਾਂ ਵਧਾਂਦਾ ਹੈ ਭਾਵੇਂ ਠੀਕ ਵੰਡ ਦੇ ਸਾਧਨ ਭੀ ਕਰਦਾ ਹੈ। ਇਸ ਸਮੇਂ ਤਾਂ ਕੁਝ ਕੁਦਰਤੀ ਨਿਰਲੋਭ ਜਾਂ ਨੇਕ-ਸੁਭਾ ਬੰਦੇ ਮਾਇਆ ਧਾਰੀਆਂ ਦੇ ਜ਼ੁਲਮ ਤੇ ਠਗੀ ਤੋਂ ਤੰਗ ਆ ਕੇ ਮਾਇਆ ਧਾਰੀਆਂ ਦੀ ਵਿਰੋਧਤਾ ਦੀ ਅਗਵਾਈ ਕਰ ਰਹੇ ਹਨ ਜਿਸ ਕਰਕੇ ਬੋਲਸ਼ਵਿਜ਼ਮ ਦੀ ਅਸਲ ਕਮੀ ਕੁਝ

ਚਿਰ ਲੋਕਾਂ ਦੀਆਂ ਅਖਾਂ ਤੋਂ ਓਹਲੇ ਰਹੇਗੀ। ਪਰ ਜਿਸ ਲਹਿਰ ਦਾ ਅਸਲ ਧਿਆਨ, ਵਡਾ ਧਿਆਨ ਤੇ ਨਿਰੋਲ ਧਿਆਨ ਹੀ ਮਾਇਆ ਵਿਚ ਲਗਾ ਰਹੇ ਉਸ ਵਿਚ ਮਾਇਆ ਦਾ ਪਿਆਰ ਕਿਸ ਤਰ੍ਹਾਂ ਨਾ ਵਧੇਗਾ ? ਇਹ ਹੈ ਇਸ ਲਹਿਰ ਦੀ ਨਾਕਾਮਯਾਬੀ ਦਾ ਢੰਗ। **ਇਸ ਲਹਿਰ ਦੀ ਮੁਕੰਮਲ ਕਾਮਯਾਬੀ ਹੀ ਇਸ ਲਹਿਰ ਦੀ ਮੁਕੰਮਲ ਨਾਕਾਮਯਾਬੀ ਸਾਬਤ ਹੋਵੇਗੀ।** ਜਦ ਤੁਸਾਂ ਸਭ ਮਾਇਆ ਧਾਰੀ ਮੁਕਾ ਲਏ ਤੇ ਆਪਣੇ ਮਨ ਵਿਚ ਮਾਇਆ ਤੋਂ ਉਤੇ ਕੋਈ ਨਿਸ਼ਾਨਾ ਹੀ ਨਾ ਹੋਇਆ ਤਾਂ ਦਸੋ ਤੁਸੀਂ ਆਪ ਕਿਉਂ ਮਾਇਆ ਧਾਰੀ ਬਣਨ ਦਾ ਯਤਨ ਨਾ ਕਰੋਗੇ ? ਇਸ ਲਹਿਰ ਦੀ ਕਾਮਯਾਬੀ ਦਾ ਇਕੋ ਹੀ ਫਲ ਹੋ ਸਕਦਾ ਹੈ ਕਿ ਪੁਰਾਣੇ ਮਾਇਆਧਾਰੀ ਮੁਕ ਜਾਣ ਤੇ ਨਵੇਂ ਬਣ ਜਾਣ। ਜਾਂ ਬਣਨ ਦੇ ਯਤਨ ਵਿਚ ਆਪੋ ਵਿਚ ਲੜ ਪੈਣ। ਮੈਂ ਇਹ ਨਹੀਂ ਕਹਿੰਦਾ ਕਿ ਅਮੀਰੀ ਮੁਕਾਣ ਦੀ ਲੋੜ ਨਹੀਂ ਹੈ। ਮਾਇਆਧਾਰੀ ਘੁਣਾ ਮੁਕਾਣ ਲਈ ਤਾਂ ਮਾਇਆ ਦਾ ਲਾਲਚ ਮੁਕਾਣਾ ਜਾਂ ਘਟਾਣਾ ਪਏਗਾ ਤੇ ਮਾਇਆ ਦਾ ਲਾਲਚ ਘਟਾਣ ਲਈ ਨਸ਼ਾਨਾ ਕੋਈ ਮਾਇਆ ਤੋਂ ਉਚਾ ਹੋਵੇਗਾ। ਉਹ ਨਸ਼ਾਨਾ ਹੈ ਆਤਮਕ ਜੀਵਨ। ਜੋ ਅਸਲ ਵਸਤੂ ਹੈ। ਬਸ ਅਸਲ ਨੁਕਸ ਬੋਲਸ਼ਵਿਜ਼ਮ ਵਿਚ ਇਹ ਜੇ। ਬੋਲਸ਼ਵਿਕ ਦੇ ਦਮਾਗ ਵਿਚ ਮਾਇਆ ਤੋਂ ਉਚੀ ਤਾਂ ਕੋਈ ਵਸਤੂ ਹੀ ਨਾ ਹੋਈ ਤੇ ਉਸ ਤੋਂ ਮਾਇਆ ਦੇ ਤਿਆਗ ਦੀ ਆਸ ਕਰਨਾ ਗਲਤੀ ਨਹੀਂ ਤਾਂ ਕੀ ਹੈ ?

ਅਸਲ ਗਲ ਇਹ ਹੈ ਕਿ ਕਾਮਯਾਬੀ ਤਾਂ ਹੁੰਦੀ ਹੀ ਬੇਗਰਜ਼ੀ ਤੇ ਮਨ ਦੀ ਸਫਾਈ ਨਾਲ। ਪਖੰਡੀਆਂ ਦੇ ਧਰਮ ਦੇ ਪਰਦੇ ਤੋਂ ਅਕ ਕੇ ਤੇ ਖਿਝ ਕੇ ਕਈ ਸਾਫ ਮਨ ਤੇ ਤਿਆਗੀ ਸੁਭਾ ਵਾਲੇ ਨਾਸਤਕ ਬਣ ਜਾਂਦੇ ਹਨ ਤੇ ਅਜੇਹੇ ਬੰਦਿਆਂ ਦੀ ਨਾਸਤਕਤਾ ਅਸਰ ਰਖਦੀ ਹੈ ਤੇ ਨਾਸਤਕਤਾ ਖਿਲਰਦੀ ਹੈ। ਇਸੇ ਤਰ੍ਹਾਂ ਮਾਇਆ ਧਾਰੀਆਂ ਦੇ ਛਲ ਤੋਂ

(ਜੋ ਕਈ ਵੇਰਾਂ ਧਰਮ ਦੇ ਪਰਦੇ ਹੇਠਾਂ ਹੀ ਹੁੰਦਾ ਹੈ) ਖਿਝ ਕੇ ਕਈ ਭਲੇ ਬੰਦੇ ਸਾਰਾ ਧਿਆਨ ਮਾਇਆਧਾਰੀ ਦੇ ਛਲ ਦੇ ਪਰਦੇ ਨੂੰ ਪਾੜਨ ਵਿਚ ਲਾ ਦੇਂਦੇ ਹਨ। ਸਮੇਂ ਸਮੇਂ ਸਿਰ ਦੋਹਾਂ ਤਰ੍ਹਾਂ ਦੇ ਭਲੇ ਲੋਕੀ ਪਖੰਡ ਤੇ ਠਗੀ ਦਾ ਪਰਦਾ ਖੋਹਲ ਕੇ ਕਿਸੇ ਹਦ ਤਕ ਸਚਾਈ ਦਾ ਪ੍ਰਕਾਸ਼ ਕਰਦੇ ਹਨ ਤੇ ਦੁਨੀਆਂ ਨੂੰ ਲਾਭ ਪੁਚਾਂਦੇ ਹਨ। ਪਰ ਇਸ ਤਰ੍ਹਾਂ ਆਰਜ਼ੀ ਲਾਭ ਪੁਚਾਂਦੇ ਹੋਏ ਇਹ ਸਜਨ ਮੁਢਲੀ ਸਚਾਈ ਨੂੰ ਨੁਕਸਾਨ ਭੀ ਪੁਚਾ ਜਾਂਦੇ ਹਨ। ਇਸ ਵੇਲੇ ਦੀ ਵਿਚਾਰ ਤਾਂ ਇਹ ਹੈ ਕਿ ਕਮਿਊਨਿਸਟ ਸਜਣਾਂ ਵਿਚ ਸਾਫ ਮਨ ਵਾਲੇ ਕਈ ਆਗੂ ਹਨ ਜੋ ਮਾਇਆਧਾਰੀਆਂ ਦੇ ਛਲ ਨੂੰ ਤਾਂ ਤੋੜਦੇ ਹਨ ਪਰ ਮਾਇਆ ਵਲ ਲੋਕਾਂ ਦਾ ਸਾਰਾ ਧਿਆਨ ਲਵਾ ਕੇ ਉਨ੍ਹਾਂ ਦੇ ਮਨਾਂ ਵਿਚ ਮਾਇਆ ਦੀ ਕਦਰ ਬਠਾਂਦੇ ਹਨ। ਕਮਿਊਨਿਸਟਾਂ ਦਾ ਸਾਰਾ ਜ਼ੋਰ ਇਸ ਗਲ ਉਤੇ ਹੈ ਕਿ ਮਾਇਆ ਦੀ ਵੰਡ ਦੇ ਅਜੇਹੇ ਢੰਗ ਕਢੇ ਜਾਣ ਜਿਨ੍ਹਾਂ ਨਾਲ ਐਡੇ ਐਡੇ ਵਡੇ ਅਮੀਰ ਨਾ ਬਣਨ ਤੇ ਇਤਨੇ ਗਰੀਬ ਭੀ ਨਾ ਰਹਿਣ। ਇਹ ਅਸੂਲ ਚੰਗਾ ਹੈ ਪਰ ਇਸ ਨੂੰ ਸਭ ਤੋਂ ਵਧ ਜ਼ਰੂਰੀ ਖਿਆਲ ਕਰਨਾ, ਮਾਇਆ ਨੂੰ ਸਭ ਤੋਂ ਵਧ ਕਦਰ ਵਾਲੀ ਵਸਤੂ ਬਣਾਨਾ ਹੈ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਸ ਸਮੇਂ ਦੇ ਆਰਜ਼ੀ ਜੋਸ਼ ਵਿਚ ਭਾਵੇਂ ਕਮਿਊਨਿਸਟ ਲਾਭ ਪੁਚਾ ਜਾਵੇ, ਪਰ ਮਾਇਆ ਦਾ ਪਿਆਰ ਵਧਾਣ ਵਾਲਾ ਸਿਧ ਹੋਵੇਗਾ ਤੇ ਬਾਹਲਾ ਚਿਰ ਚਲ ਨਹੀਂ ਸਕੇਗਾ। ਕਮਿਊਨਿਸਟ ਮਾਇਆਧਾਰੀਆਂ ਨੂੰ ਤਾਂ ਸ਼ਾਇਦ ਮਾਰ ਲੈਣਗੇ ਪਰ ਥੋੜ੍ਹੇ ਚਿਰ ਮਗਰੋਂ ਹੀ ਇਹਨਾਂ ਵਿਚੋਂ ਆਪ ਮਾਇਆਧਾਰੀ ਬਣਨ ਦਾ ਯਤਨ ਕਰਨਗੇ। ਜਦ ਝਗੜਾ ਹੀ ਸਾਰਾ ਮਾਇਆ ਦਾ ਹੋਇਆ ਤਾਂ ਕਿਉਂ ਹਰ ਇਕ ਵਧ ਮਾਇਆ ਦਾ ਮਾਲਕ ਬਣਨ ਦਾ ਯਤਨ ਨਾ ਕਰੇਗਾ? ਮੇਰੀ ਇਸ ਗਲ ਦੇ ਉਤਰ ਵਿਚ ਕਿਹਾ ਜਾ ਸਕਦਾ ਹੈ ਕਿ ਜ਼ਿਮੀਂ, ਕਾਰਖਾਨੇ ਆਦਿਕ ਦੀ ਮਾਲਕੀ ਹੀ ਕਾਨੂੰਨੀ ਤੌਰ ਤੇ ਬੰਦ ਹੋਵੇਗੀ ਤਾਂ ਫਿਰ ਕਿਸ ਤਰ੍ਹਾਂ ਕੋਈ ਮਾਇਆਧਾਰੀ ਬਣੇਗਾ? ਮੇਰਾ ਜਵਾਬ ਇਹ ਹੈ ਕਿ ਜਦ ਆਗੂਆਂ ਦੇ ਮਨਾਂ ਵਿਚ ਮਾਇਆ

ਵੜੀ ਹੋਈ ਹੋਈ ਤਾਂ ਉਹ ਕਾਨੂੰਨ ਭੀ ਬਦਲ ਲੈਣਗੇ ਤੇ ਹੁੰਦੇ ਕਾਨੂੰਨ ਵਿਚੋਂ ਰਾਹ ਭੀ ਕਢ ਲੈਣਗੇ। ਮੈਂ ਮੰਨਦਾ ਹਾਂ ਕਿ ਇਸ ਵੇਲੇ ਗਰੀਬਾਂ ਉਤੇ ਹੋ ਰਿਹਾ ਧਕਾ ਬਹੁਤ ਵਧ ਗਿਆ ਹੈ। ਬਹੁਤ ਵਡੇ ਵਡੇ ਅਮੀਰ ਬਣ ਗਏ ਹਨ ਜਿਸ ਅਸਰ ਨਾਲ ਗਰੀਬ ਨੰਗ ਭੁਖ ਵਿਚ ਲਤਾੜੇ ਜਾ ਰਹੇ ਹਨ। ਇਸ ਦੇ ਇਲਾਜ ਦੀ ਲੋੜ ਹੈ ਤੇ ਬਹੁਤ ਲੋੜ ਹੈ। ਜੋ ਇਲਾਜ ਕਮਿਊਨਿਸਟ ਕਰ ਰਹੇ ਹਨ ਉਸ ਨੂੰ ਭੀ ਮੈਂ ਮਾੜਾ ਨਹੀਂ ਸਮਝਦਾ। ਹਾਂ, ਮਾੜਾ ਤਾਂ ਮੈਂ ਉਸ ਮਾਇਆ ਦੇ ਪ੍ਰਭਾਵ ਨੂੰ ਸਮਝਦਾ ਹਾਂ ਜਿਸ ਦਾ ਅਸਰ ਲੋਕਾਂ ਦੇ ਦਿਮਾਗਾਂ ਉਤੇ ਪਾਇਆ ਜਾ ਰਿਹਾ ਹੈ। ਇਸ ਕਮਿਊਨਿਜ਼ਮ ਵਿਚ ਕੋਈ ਮੁਢਲਾ ਨੁਕਸ ਨਾ ਰਹੇ ਜੇ ਇਹ ਹੁਣ ਵਾਲੇ ਤਰੀਕੇ ਵਰਤਣ ਦੇ ਨਾਲ ਹੀ ਲੋਕਾਂ ਵਿਚ ਸਦੀਵ ਜੀਵਨ ਦੇ ਅਧਾਰ ਉਤੇ ਲਾਲਚ ਘਟਾਣ ਤੇ ਪ੍ਰੇਮ ਵਧਾਣ ਦਾ ਪ੍ਰਚਾਰ ਭੀ ਕਰੇ। ਇਸ ਵੇਲੇ ਤਾਂ ਜੋ ਪ੍ਰਚਾਰ ਹੋ ਰਿਹਾ ਹੈ ਉਹ ਹੈ ਲਾਲਚ ਤੇ ਨਫਰਤ ਵਧਾਣ ਦਾ। ਇਸ ਲਈ ਕਮਿਊਨਿਜ਼ਮ ਦੀ ਕਾਮਯਾਬੀ ਥੋੜ੍ਹਾ ਚਿਰ ਲਈ ਹੀ ਹੋ ਸਕਦੀ ਹੈ ਕਿਉਂਕਿ ਇਸ ਦੇ ਪ੍ਰਚਾਰ ਵਿਚ ਹੀ ਇਸੇ ਨੂੰ ਮੁਕਾ ਦੇਣ ਦੀ ਦਿਮਾਗੀ ਦਸ਼ਾ ਪੈਦਾ ਕੀਤੀ ਜਾ ਰਹੀ ਹੈ।

ਹੁਣ ਦੀ ਹਾਲਤ ਵੇਖ ਕੇ ਤਾਂ ਮੈਨੂੰ ਦੁਨੀਆਂ ਵਿਚ ਪਿਛਲੇ ਜ਼ਮਾਨੇ ਵਿਚ ਖਿਲਰੀਆਂ ਨਾਸਤਕ ਲਹਿਰਾਂ ਚੇਤੇ ਆਉਂਦੀਆਂ ਹਨ। ਹਰਨਾਕਸ਼ ਦੇ ਸਮੇਂ, ਤੇ ਹੋਰ ਕਈ ਸਮਿਆਂ ਉਤੇ ਨਾਸਤਕਤਾ ਦਾ ਜੋਰ ਵਧਦਾ ਰਿਹਾ ਹੈ ਤੇ ਆਮ ਕਰਕੇ ਓਹੋ ਜੇਹੇ ਸਮੇਂ ਹੀ ਵਧਦਾ ਰਿਹਾ ਹੈ ਜਦ ਦੁਨੀਆਂ ਵਿਚ ਧਰਮ ਦੀ ਆੜ ਵਿਚ ਠਗੀ ਦਾ ਵਾਧਾ ਹੁੰਦਾ ਰਿਹਾ ਹੈ। ਨਾਸਤਕਤਾ ਦੀ ਲਹਿਰ ਹਨੇਰੀ ਵਾਂਗ ਆਉਂਦੀ ਰਹੀ ਹੈ ਤੇ ਹਨੇਰੀ ਵਾਂਗੂ ਹੀ ਨਿਕਲ ਜਾਂਦੀ ਰਹੀ ਹੈ। ਮਿਟੀ ਖਿਹ ਤਾਂ ਇਹ ਹਨੇਰੀ ਬਹੁਤ ਉਡਾਂਦੀ ਹੈ ਪਰ ਹਵਾ ਨੂੰ ਗੰਦਗੀ ਤੇ ਬੋ ਤੋਂ ਸਾਫ ਭੀ ਕਰਦੀ ਹੈ। ਹਨੇਰੀ ਦੇ ਲਾਭ ਵਾਂਗੂ ਹੁਣ ਦੀ ਨਾਸਤਕਤਾ ਦੀ ਲਹਿਰ ਭੀ ਲਾਭ ਪੁਚਾਏਗੀ, ਪਰ ਹਨੇਰੀ ਵਾਂਗੂ ਹੀ ਨੁਕਸਾਨ ਭੀ ਕਰੇਗੀ ਤੇ ਹਨੇਰੀ ਵਾਂਗੂ ਲੰਘ ਭੀ

ਜਾਵੇਗੀ ।

ਅਖੀਰ ਵਿਚ ਥੋੜ੍ਹੇ ਲਫਜ਼ਾਂ ਵਿਚ ਮੈਂ ਆਪਣਾ ਭਾਵ ਸਪਸ਼ਟ ਕਰਦਾ ਹਾਂ। ਮੈਨੂੰ ਕਮਿਊਨਿਜ਼ਮ ਦੇ ਕਿਸੇ ਪੋਲੀਟੀਕਲ ਜਾਂ ਮਾਲੀ ਅਸੂਲ ਜਾਂ ਕਿਸੇ ਪਰੋਗਰਾਮ ਉਤੇ ਕੋਈ ਇਤਰਾਜ਼ ਨਹੀਂ ਹੈ, ਸਗੋਂ "ਮੈਂ ਸਮੁਚੇ ਤੌਰ ਤੇ ਇਸ ਦੇ ਹਕ ਵਿਚ ਹਾਂ" ਬਸ ਮੈਨੂੰ ਇਤ-ਰਾਜ਼ ਹੈ ਇਸ ਕਮਿਊਨਿਜ਼ਮ ਵਿਚ ਭਰੀ ਨਾਸਤਕਤਾ ਜਾਂ ਧਰਮ ਦੀ ਵਿਰੋਧਤਾ ਉਤੇ । ਜੇ ਮੈਨੂੰ ਤਸਲੀ ਹੋ ਜਾਵੇ ਕਿ ਕਮਿਊਨਿਜ਼ਮ ਨੇ ਧਰਮ ਤੇ ਵਾਹਿਗੁਰੂ ਦੀ ਵਿਰੋਧਤਾ ਛਡ ਦਿਤੀ ਹੈ ਤਾਂ ਮੈਂ ਇਸ ਦਾ ਹਮਦਰਦ ਹੋਵਾਂਗਾ ਭਾਵੇਂ ਮੈਂਬਰ ਤਾਂ ਹੁਣ ਮੈਂ ਪੰਥ ਦੀ ਜਥੇਬੰਦੀ ਬਿਨਾਂ ਕਿਸੇ ਹੋਰ ਪੋਲੀਟੀਕਲ ਜਮਾਤ ਦਾ ਨਹੀਂ ਬਣਾਂਗਾ। ਮੈਨੂੰ ਚੇਤਾ ਹੈ ਕਿ ੧੯੨੬ ਵਿਚ ਮੈਨੂੰ ਇਕ ਮਿਤ੍ਰ ਨੇ ਕਿਹਾ ਸੀ ਕਿ ਕਾਂਗਰਸ ਦੀ ਮਦਦ ਕਰੋ ਤੇ ਹਰ ਤਰ੍ਹਾਂ ਦੀ ਕੁਰਬਾਨੀ ਕਰੋ ਪਰ ਮੈਂਬਰ ਨਾ ਬਣੋ, ਕਿਉਂਕਿ ਇਨ੍ਹਾਂ ਹਿੰਦੂ ਮੁਸਲਮਾਨਾਂ ਦਾ ਕੋਈ ਇਤਬਾਰ ਨਹੀਂ ਹੈ। ਇਹਨਾਂ ਵਿਚੋਂ ਫਿਰਕੇਦਾਰੀ ਨਿਕਲਨੀ ਨਹੀਂ ਹੈ ਤੇ ਇਹਨਾਂ ਦੀ ਗਿਣਤੀ ਬਹੁਤ ਵਧ ਹੈ। ਇਹ ਤੁਹਾਨੂੰ ਕੌਮੀਅਤ ਦੇ ਨਾਮ ਉਤੇ ਖੇਰੂ ਖੇਰੂ ਕਰਕੇ ਹੜੱਪ ਕਰਨ ਦਾ ਯਤਨ ਕਰਨਗੇ । ਗਲ ਉਹੋ ਹੀ ਹੋਈ! ਉਸ ਵੇਲੇ ਭੀ ਮੈਨੂੰ ਇਹ ਗਲ ਦਿਲ ਲਗੀ ਸੀ ਜਿਸ ਕਰਕੇ ਹੁਣ ਤਕ ਚੇਤਾ ਹੈ। ਪਰ ਆਮ ਵਹਿਣ ਵਿਚ ਮੈਂ ਭੀ ਵਹਿ ਹੀ ਗਿਆ ਤੇ ਮੇਰੇ ਵਿਚ ਖੜਾ ਹੋਣ ਦੀ ਹਿੰਮਤ ਨਾ ਨਿਕਲੀ। ਹੁਣ ਤਾਂ ਪਿਛਲੇ ਤਜਰਬੇ ਨੇ ਹੋਸ਼ ਠਕਾਣੇ ਲਿਆ ਦਿਤੀ ਹੈ ਤੇ ਮੈਂ ਸਭ ਸਿਖ ਭਰਾਵਾਂ ਨੂੰ ਇਹੋ ਬੇਨਤੀ ਕਰਾਂਗਾ ਕਿ ਕਮਿਊਨਿਸਟ ਬਣੋ, ਸੋਸ਼ਲਿਸਟ ਬਣੋ ਤੇ ਹੋਰ ਜੋ ਤੁਹਾਡਾ ਜੀਅ ਚਾਹੁੰਦਾ ਹੈ ਬਣੋ, ਪਰ ਕਮਯੂਨਿਸਟ, ਸੋਸ਼-ਲਿਸਟ ਆਦਿਕ ਪਾਰਟੀਆਂ ਦੇ ਮੈਂਬਰ ਨਾ ਬਣੋ । ਸਿਖੀ ਤੇ ਪੰਥ ਦੇ ਸਵਾਲ ਤੇ ਮੁਫਾਦ ਲਈ ਆਜ਼ਾਦ ਰਹੋ । ਇਹਨਾਂ ਪਾਰਟੀਆਂ ਦੇ ਹਥ ਜੇ ਤਾਕਤ ਆਈ ਤਾਂ ਇਹਨਾਂ ਭੀ ਸਾਡੇ ਨਾਲ ਉਹੋ ਕਰਨੀ ਹੈ ਜੋ ਕਾਂਗਰਸ ਕਰ ਰਹੀ ਹੈ। ਇਸ ਮੁਲਕ ਦੇ ਹਾਲਾਤ ਵੇਖੋ ਤੇ ਇਸ ਮੁਲਕ ਦੀ ਫਿਰਕੇਦਾਰੀ ਤੋਂ ਡਰੋ । ਹੋਰ ਮੁਲਕਾਂ ਵਲ ਵੇਖ ਕੇ ਭੌਂਦੇ

ਵਿਚ ਨਾ ਫਸੋ। ਮੈਂ ਤਾਂ ਇਸ ਫੰਦੇ ਵਿਚੋਂ ਨਿਕਲ ਗਿਆ ਹਾਂ ਤੇ ਹੁਣ ਨਹੀਂ ਫਸਨਾ ਤੇ ਜੇ ਵਸ ਚਲਿਆ ਤਾਂ ਇਹ ਫੰਦਾ ਤੋੜ ਹੀ ਸੁਟਾਂਗਾ ਜਿਸ ਵਿਚ ਅਜੇ ਭੀ ਕੁਝ ਭਰਾ ਫਸੇ ਹੋਏ ਹਨ।

ਜੇ ਆਦਮੀ ਇਸ ਦੁਨੀਆਂ ਤੋਂ ਪਰੇ ਕੁਝ ਨਹੀਂ ਵੇਖ ਸਕਦਾ ਅਥਵਾ ਜੋ ਇਹ ਸਮਝਦਾ ਹੈ ਕਿ ਜੋ ਕੁਝ ਸਾਨੂੰ ਨਜ਼ਰ ਆਉਂਦਾ ਹੈ ਜਾਂ ਸਾਡੀ ਕਿਸੇ ਹੋਰ ਸ਼ਕਤੀ ਨਾਲ ਮਾਸੂਸ ਹੁੰਦਾ ਹੈ ਓਹੋ ਕੁਝ ਹੈ ਤੇ ਬਾਕੀ ਕੁਝ ਹੈ ਨਹੀਂ, ਉਸ ਦਾ ਨਸ਼ਾਨਾ ਹੀ ਦੁਨੀਆਂ ਹੈ ਇਹੋ ਜੇਹੇ ਮਾਦਾ ਪ੍ਰਸਤ (materialists) ਕਿਸ ਤਰ੍ਹਾਂ ਸਭ ਤੋਂ ਵਧ ਕਦਰ ਦੁਨੀਆਂ ਦੀ ਸਭ ਤੋਂ ਵਡੀ ਸ਼ਕਤੀ "ਮਾਇਆ" ਦੀ ਨਹੀਂ ਕਰਨਗੇ? ਜੋ ਇਹਨਾਂ ਵਿਚ ਕੁਝ ਸਜਨ ਬੇ-ਗਰਜ਼ੀ ਨਾਲ ਕੰਮ ਕਰਦੇ ਨਜ਼ਰ ਆ ਰਹੇ ਹਨ ਤਾਂ ਇਉਂ ਸਮਝੋ ਕਿ ਉਹਨਾਂ ਵਿਚ ਪਿਛਲੇ ਜਨਮਾਂ ਦੇ ਗੁਣ ਜਾਂ ਪਿਛਲਾ ਬਣਿਆਂ ਸੁਭਾ ਚੰਗਾ ਹੈ ਤੇ ਉਹ ਜਿਸ ਖੁਦਗਰਜ਼ੀ ਦਾ ਪ੍ਰਚਾਰ ਕਰ ਰਹੇ ਹਨ ਉਸ ਦੀ ਤਹਿ ਤਕ ਪੁਜੇ ਨਹੀਂ ਹਨ ਤੇ ਚਾਲਾਕ ਮਾਇਆਧਾਰੀਆਂ ਦੇ ਫਰਜ਼ੀ ਧਰਮ ਵਿਰੁਧ ਰੋਸ ਕਰਦੇ ਹੋਏ ਹੱਦ ਟਪ ਗਏ ਹਨ। ਨਹੀਂ ਤਾਂ ਜਿਸ ਆਦਮੀ ਦਾ ਨਸ਼ਾਨਾ ਹੀ ਇਸ ਦੁਨੀਆਂ ਤੋਂ ਪਰੇ ਨਹੀਂ ਹੈ ਉਹ ਕਿਸ ਤਰ੍ਹਾਂ ਇਸ ਦੁਨੀਆਂ ਦੀ ਸਭ ਤੋਂ ਵਡੀ ਸ਼ਕਤੀ ਮਾਇਆ ਦਾ ਪੁਜਾਰੀ ਨਹੀਂ ਹੋਵੇਗਾ? ਹਰ ਇਕ ਮਾਦਾ ਪ੍ਰਸਤ (materialists) ਰੋਟੀ, ਸਰੀਰਕ ਲੋੜਾਂ ਅਥਵਾ ਮਾਇਆ ਦਾ ਪੁਜਾਰੀ ਹੈ। ਜੇ ਕਮਿਊਨਿਸਟ ਮਾਇਆਧਾਰੀਆਂ ਦੀ ਵਿਰੋਧਤਾ ਕਰਦੇ ਹਨ ਤਾਂ ਇਸ ਕਰਕੇ ਨਹੀਂ ਕਿ ਮਾਇਆ ਕੋਈ ਨੀਵੀਂ ਵਸਤੂ ਹੈ, ਓਹ ਮਾਇਆ ਦੇ ਵਿਰੋਧੀ ਨਹੀਂ ਹਨ। ਉਹ ਤਾਂ ਮਾਇਆਧਾਰੀ ਦੇ ਵਿਰੋਧੀ ਹਨ ਕਿਉਂਕਿ ਜੋ ਸ਼ਕਤੀ ਉਨ੍ਹਾਂ ਦੇ ਹਥ ਚਾਹੀਦੀ ਸੀ ਉਹ ਦੂਜੇ ਦੇ ਹਥ ਹੈ। ਜਦ ਉਹ ਮਾਇਆ ਦੇ ਪੁਜਾਰੀ ਹਨ ਤਾਂ ਮਾਇਆ ਦੇ ਇਛਾਵਾਨ ਹਨ, ਤਾਂ ਫਿਰ ਮਾਇਆਧਾਰੀ ਬਣਨ ਦੇ ਇਛਾ ਵਾਨ ਹਨ। ਚੂੰਕਿ ਦੂਜੇ ਦਾ ਮਾਇਆ ਧਾਰੀ ਬਣਨਾ ਉਨ੍ਹਾਂ ਦੇ ਆਪ ਮਾਇਆ ਧਾਰੀ ਬਣਨ ਦੇ ਰਾਹ ਵਿਚ ਰੋਕ ਹੈ ਇਸ ਲਈ ਉਹ ਇਸ ਗਲ ਦੇ ਵਿਰੁਧ ਹਨ ਕਿ ਦੂਜੇ ਮਾਇਆਧਾਰੀ

ਮੁਕਣ ਤੇ ਉਨ੍ਹਾਂ ਨੂੰ ਆਪ ਮਾਇਆਧਾਰੀ ਬਣਨ ਦਾ ਮੌਕਾ ਮਿਲੇ। ਪਰ ਕਮਯੂਨਿਸਟ ਜਾਂ ਸੋਸ਼ਲਿਸਟ ਇਸ ਗਲ ਦਾ ਉਤਰ ਇਹ ਦੇਂਦੇ ਹਨ ਕਿ ਅਸੀਂ ਆਪ ਮਾਇਆਧਾਰੀ ਨਹੀਂ ਬਣਨਾ ਚਾਹੁੰਦੇ, ਅਸੀਂ ਤਾਂ ਚਾਂਹਦੇ ਹਾਂ ਕਿ ਸਭ ਕੋਲ ਮਾਇਆ ਇਕੋ ਜੇਹੀ ਹੋਵੇ। ਮੈਂ ਪੁਛਦਾ ਹਾਂ ਤੁਸੀਂ ਕਿਉਂ ਚਾਂਹਦੇ ਹੋ ਕਿ ਸਭ ਇਕੋ ਜੇਹ ਦੌਲਤ ਮੰਦ ਹੋਣ ? ਤੁਹਾਨੂੰ ਕੀ ਲਾਭ ? ਜਵਾਬ ਮਿਲਦਾ ਹੈ ਕਿ ਇਸ ਵਿਚ ਦੁਨੀਆਂ ਦਾ ਭਲਾ ਹੈ ਤੇ ਆਉਣ ਵਾਲੀ ਸੰਤਾਨ ਦਾ ਭਲਾ ਹੈ। ਭਲਾ ਤੁਸੀਂ ਕਿਉਂ ਦੁਨੀਆਂ ਦਾ ਭਲਾ ਚਾਂਹਦੇ ਹੋ, ਤੁਸੀਂ ਕਿਉਂ ਆਉਣ ਵਾਲੀ ਸੰਤਾਨ ਦਾ ਭਲਾ ਚਾਹਾਂਦੇ ਹੋ ? ਤੁਹਾਨੂੰ ਇਸ ਵਿਚ ਕੀ ਲਾਭ ਹੈ ? ਜਵਾਬ ਮਿਲਦਾ ਹੈ ਇਹ ਅਸੂਲ ਹੈ। ਫਿਰ ਤਾਂ ਤੁਸੀਂ "ਅਸੂਲ" ਨੂੰ ਮੰਨ ਗਏ ਕਿ ਮਾਦਾ ਪ੍ਰਸਤੀ (*materialism*) ਤੋਂ ਪਰੇ ਦੀ ਗਲ ਹੈ। ਅਸਲ ਵਿਚ ਇਹ ਗਲ ਠੀਕ ਹੈ ਕਿ ਕਮਯੂਨਿਸਟ ਜੋ ਇਸ ਸਮੇਂ ਮਾਇਆਧਾਰੀ ਪੁਣੇ ਦੇ ਵਿਰੁਧ ਲੜ ਰਹੇ ਹਨ ਉਹ ਦਿਲ ਦੀ ਡੂੰਘਾਈ ਤੋਂ ਮਾਦਾ ਪ੍ਰਸਤ ਨਹੀਂ ਹਨ, ਸਗੋਂ ਅਸੂਲ ਪ੍ਰਸਤ ਹਨ। ਜਿਸ ਦਾ ਭਾਵ ਇਹ ਹੈ ਕਿ ਉਨ੍ਹਾਂ ਦੀ ਮਨ ਦੀ ਡੂੰਘਾਈ ਵਿਚ ਇਸ ਦੁਨੀਆਂ ਤੋਂ ਪਰੇ ਭੀ ਕੋਈ ਵਸਤੂ ਹੈ। ਪਰ ਮਾਇਆਧਾਰੀ ਪੁਣੇ ਤੇ ਪਖੰਡ ਪੁਣੇ ਦੀ ਵਿਰੋਧਤਾ ਦੇ ਜੋਸ਼ ਵਿਚ ਉਹ ਉਸ ਅਸੂਲ ਦੀ ਜੜ੍ਹ ਕਟਣ ਦਾ ਪ੍ਰਚਾਰ ਕਰ ਰਹਿ ਹਨ ਜਿਸ ਦੀ ਇਕ ਅਮਲੀ ਟਾਹਣੀ ਉਹ ਅਮਲ ਕਰ ਰਹੇ ਹਨ। ਨਤੀਜਾ ਇਹ ਨਿਕਲੇਗਾ ਕਿ ਜਦ ਉਹ ਗਲ ਹੱਟ ਗਈ ਜਿਸ ਦੀ ਇਹ ਵਿਰੋਧਤਾ ਵਿਚ ਲੜ ਰਹੇ ਹਨ ਤਾਂ ਇਹ ਉਸ "ਮਾਇਆਧਾਰੀ ਪੁਣੇ" ਵਲ ਝੁਕ ਜਾਣਗੇ ਜੋ ਇਨ੍ਹਾਂ ਦੇ ਪ੍ਰਚਾਰ ਅਨੁਸਾਰ ਨਸ਼ਾਨਾਂ ਹੋਣਾ ਚਾਹੀਦਾ ਹੈ।

ਇਸ ਕਰਕੇ ਮੈਂ ਕਹਿੰਦਾ ਹਾਂ ਕਿ ਕਮਯੂ-ਨਿਸਟਾਂ ਦੀ ਆਪਣੇ ਨਸ਼ਾਨੇ ਵਲ ਪਿਠ ਹੈ। ਜਿਤਨਾ ਇਹ ਵਧਣਗੇ, ਅਸਲ ਭਾਵ ਤੋਂ ਦੂਰ ਜਾਣਗੇ। ਇਸ ਵਿਚ ਦੁਨੀਆਂ ਦਾ ਪਕਾ ਭਲਾ ਹੈ ਨਹੀਂ। ਮਾਇਆਧਾਰੀ ਪੁਣੇ ਦੀ ਝਿਛਾ ਹੀ ਹਟਣੀ ਜਾਂ ਘਟਣੀ ਚਾਹੀਦੀ ਹੈ ਤੇ ਇਹ ਤਦ ਹੀ ਹੋ ਸਕਦਾ ਹੈ ਕਿ ਆਦਮੀ ਨੂੰ ਨਿਸਚਾ ਹੋਵੇ ਕਿ ਇਸ ਤੋਂ ਉਤਮ ਕੋਈ ਵਸਤੂ ਹੈ ਜੋ ਆਦਮੀ ਦੇ ਜੀਵਨ ਦਾ ਨਸ਼ਾਨਾ ਤੇ ਪ੍ਰਯੋਜਨ ਹੈ।

ਇਨਸਾਫ ਦੀ ਮੰਗ ਲਈ
ਖੁਦਗਰਜ਼ੀ ਦਾ ਪਰਚਾਰ

ਹਰ ਇਕ ਮਨੁਖ ਨੂੰ ਰੋਟੀ ਮਿਲਨੀ ਚਾਹੀਦੀ ਹੈ ਭਾਵੇਂ ਓਹ ਕੰਮ ਕਰੇ ਤੇ ਭਾਵੇਂ ਨਾਂਹ। ਕੋਈ ਅੰਗਹੀਨ ਹੋਣ ਕਰਕੇ ਕੰਮ ਨਾ ਕਰੇ ਤਾਂ ਓਹ ਬੇ-ਕਸੂਰ ਹੈ। ਜਿਸਨੂੰ ਕੰਮ ਨਾ ਲਭੇ ਓਹ ਭੀ ਬੇ-ਕਸੂਰ ਹੈ। ਪਰ ਜਿਸ ਨੂੰ ਕੰਮ ਲਭਦਾ ਹੋਵੇ ਤੇ ਓਹ ਜਾਣਕੇ ਸੁਸਤੀ ਕਰੇ ਤਾਂ ਉਸ ਨੂੰ ਨੀਵਾਂ ਸਮਝ ਤੇ ਉਸਦੀ ਇਜ਼ਤ ਨਾ ਕਰੋ, ਪਰ ਰੋਟੀ ਖਾਣ ਜੋਗੀ ਉਸਨੂੰ ਭੀ ਮਿਲਨੀ ਚਾਹੀਦੀ ਹੈ। ਕਿਉਂਕਿ ਸਭ ਦੁਨੀਆਂ ਇਕ ਵਡਾ ਟੱਬਰ ਹੈ ਤੇ ਰੋਟੀ ਦਾ ਹਕ ਕੰਮਕੋਸ ਦਾ ਭੀ ਹੈ।

ਇਸ ਅਸੂਲ ਨੂੰ ਪਿਛਲੇ ਜ਼ਮਾਨੇ ਵਿਚ ਭੀ ਮੰਨਿਆਂ ਜਾਂਦਾ ਸੀ ਤੇ ਇਸੇ ਅਸੂਲ ਅਨੁਸਾਰ ਮੰਗਤਿਆਂ ਨੂੰ ਲੋਕੀਂ ਦਾਨ ਦੇਂਦੇ ਸਨ ਤੇ ਲੰਗਰ ਲਗੇ ਹੋਏ ਸਨ ਜਿਨ੍ਹਾਂ ਲੰਗਰਾਂ ਨੂੰ ਬਾਦ- ਸ਼ਾਹ ਜਗੀਰਾਂ ਭੀ ਲਾਂਦੇ ਸਨ। ਇਸ ਤਰ੍ਹਾਂ ਨਿਕੰਮਿਆਂ ਦਾ ਪੇਟ ਭਰਨਾ ਧਾਰਮਕ ਫਰਜ਼ ਸਮਝਿਆ ਜਾਂਦਾ ਸੀ ਤੇ ਇਸ ਤਰ੍ਹਾਂ ਦੀ ਮਦਦ ਧਾਰਮਕ ਭਾਵ ਅਥਵਾ ਪ੍ਰੇਮ ਦੇ ਆਸਰੇ ਸੀ। ਜ਼ਮਾਨਾ ਬਦਲ ਗਿਆ ਪਛਮੀ ਤੈਹਜੀਬ ਆ ਗਈ ਤੇ ਪ੍ਰਚਾਰ ਸ਼ੁਰੂ ਹੋ ਗਿਆ ਕਿ ਵਿਹਲੜਾਂ ਨੂੰ ਦਾਨ ਨਹੀਂ ਦੇਣਾ ਚਾਹੀਦਾ। ਜਾਣ ਬੁਝਕੇ ਵੇਹਲੇ ਰਹਿਣ ਵਾਲਿਆਂ ਤੇ ਕੰਮ ਨਾ ਮਿਲਣ ਕਰਕੇ ਵੇਹਲੇ ਰਹਿਣ ਵਾਲਿਆਂ ਦੀ ਤਹਿਕੀਕਾਤ ਤਾਂ ਕੋਈ ਕਰਦਾ ਹੀ ਨਹੀਂ ਹੈ ਤੇ ਸਭ ਵਿਹਲੜਾਂ ਨੂੰ ਨਾ ਕੇਵਲ ਨਫਰਤ ਹੋਣ ਲਗ ਪਈ ਸਗੋਂ ਉਹ ਭੁਖੇ ਭੀ ਰਹਿਣ ਲਗ ਪਏ। ਇਹਨਾਂ ਭੁਖਿਆਂ ਦੀ ਭੁਖ ਦੂਰ ਕਰਨ ਲਈ ਹੋਰ ਤ੍ਰੀਕੇ ਨਿਕਲਣ ਲਗ ਪਏ ਤੇ ਜੋ ਤ੍ਰੀਕਾ ਇਸ ਵੇਲੇ ਚਲ ਰਿਹਾ ਹੈ ਓਹ ਹੈ ਸੋਸ਼ਲਿਸਟ ਕਿਸਮ ਦਾ ਤ੍ਰੀਕਾ। ਪੂਰਾ ਕਾਮਯਾਬ ਤਾਂ ਕਦੀ ਕੋਈ ਤ੍ਰੀਕਾ ਹੋਇਆ ਹੀ ਨਹੀਂ ਹੈ ਪਰ ਸਮੇਂ ਦੇ ਹਾਲਾਤ ਅਨੁਸਾਰ ਤ੍ਰੀਕੇ ਬਦਲਦੇ ਤੇ ਸਮੁਚੇ ਤੌਰ ਤੇ ਕਾਮਯਾਬ ਹੁੰਦੇ ਰਹਿੰਦੇ ਹਨ।

ਪੁਰਾਣੇ ਤਰੀਕੇ ਤੇ ਨਵੇਂ ਤਰੀਕੇ ਵਿਚ ਫਰਕ ਇਹ ਹੈ ਕਿ ਪੁਰਾਣੇ

ਤਰੀਕੇ ਦੀ ਨੀਂਹ ਪਰੇਮ ਤੇ ਰਹਿਮ ਉਤੇ ਸੀ, ਤੇ ਨਵੇਂ ਤਰੀਕੇ ਦੀ ਨੀਂਹ ਡਰ ਉਤੇ ਹੈ। ਅਪੀਲ ਤਾਂ ਕੀਤੀ ਜਾਂਦੀ ਹੈ ਇਨਸਾਫ ਦੇ ਨਾਮ ਉਤੇ ਪਰ ਇਹ ਭੁਲਾਇਆ ਜਾ ਰਿਹਾ ਹੈ ਕਿ ਇਨਸਾਫ ਕਰਨ ਲਈ ਬੇ-ਗਰਜ਼ੀ ਦੀ ਲੋੜ ਹੈ। ਖੁਦਗਰਜ਼ ਆਦਮੀ ਇਨਸਾਫ ਕਿਸ ਤਰ੍ਹਾਂ ਕਰ ਸਕਦਾ ਹੈ। ਓਹ ਤਾਂ ਕਈ ਤਰ੍ਹਾਂ ਦੇ ਲਾਲਚਾਂ ਤੇ ਗਰਜ਼ਾਂ ਦੇ ਹੇਠਾਂ ਹੀ "ਇਨਸਾਫ" ਭੀ ਕਰੇਗਾ।

ਨਵਾਂ ਤਰੀਕਾ ਛੇਤੀ ਨਾਕਾਮਯਾਬ ਹੋਵੇਗਾ ਕਿਉਂਕਿ ਇਸ ਦਾ ਪ੍ਰਚਾਰ ਹੀ ਆਪਣੇ ਵਿਰੁਧ ਹੈ। ਨਵੇਂ ਤਰੀਕੇ ਦੀ ਨੀਂਹ ਹੈ ਮਾਦਾ-ਪ੍ਰਸਤੀ ਅਥਵਾ ਨਾਸਤਕਤਾ ਉਤੇ। ਕਮਯੂਨਿਜ਼ਮ ਦਾ ਪ੍ਰਚਾਰ ਹੈ ਕਿ ਅਸਲ ਵਸਤੂ ਰੋਟੀ ਹੈ ਤੇ ਰੋਟੀ ਦੀ ਪ੍ਰਸਤੀ ਹੀ ਇਸ ਜੀਵਨ ਦਾ ਮੁਖ ਪ੍ਰਯੋਜਨ ਹੈ। ਰੋਟੀ ਦਾ ਭਾਵ ਸਭ ਤਰ੍ਹਾਂ ਦੀਆਂ ਦੁਨਿਆਵੀ ਲੋੜਾਂ ਹਨ। ਰੋਟੀ ਅਥਵਾ ਦੁਨਿਆਵੀ ਲੋੜਾਂ ਨੂੰ ਮੁਖ ਕਹਿਣਾ ਖੁਦਗਰਜ਼ੀ ਦਾ ਪਰਚਾਰ ਕਰਨਾ ਹੈ। ਜਦ ਤੁਹਾਡਾ ਨਿਸ਼ਾਨਾ ਇਸ ਜੀਵਨ ਦਾ ਸੁਖ ਹੈ ਕਿਉਂਕਿ ਇਸ ਜੀਵਨ ਤੋਂ ਪਰੇ ਕੁਝ ਨਹੀਂ ਹੈ ਤਾਂ ਇਸ ਜੀਵਨ ਨੂੰ ਤੁਸੀਂ ਕਿਉਂ ਵਾਰੋਗੇ? ਜਿਸ ਦਾ ਨਿਸ਼ਾਨਾ ਤਾਂ ਇਸ ਜੀਵਨ ਤੋਂ ਪਰੇ ਹੈ ਤੇ ਜੋ ਸਮਝਦਾ ਹੈ ਕਿ ਇਹ ਜੀਵਨ ਸਦੀਵ ਜੀਵਨ ਦਾ ਇਕ ਅੰਸ਼ ਹੀ ਹੈ ਓਹ ਤਾਂ ਸਦੀਵ ਜੀਵਨ ਦੇ ਅਨੰਦ ਲਈ ਇਸ ਜੀਵਨ ਦੇ ਦੁਖ ਝੱਲਣ ਅਥਵਾ ਇਸ ਜੀਵਨ ਨੂੰ ਵਾਰਨ ਲਈ ਤਿਆਰ ਹੋ ਜਾਏਗਾ। ਪਰ ਜਿਸ ਲਈ ਇਹੋ ਜੀਵਨ ਹੀ ਸਭ ਕੁਝ ਹੈ ਤਾਂ ਓਹ ਇਸ ਜੀਵਨ ਨੂੰ ਕਿਉਂ ਵਾਰੇਗਾ? ਬੇਸ਼ਕ ਇਸ ਵੇਲੇ ਕਈ ਕਮਯੂਨਿਸਟ ਆਗੂ ਹਨ ਜੋ ਆਪਣੇ ਜੀਵਨ ਨੂੰ ਦੂਜਿਆਂ ਲਈ ਵਾਰਦੇ ਹਨ। ਪਰ ਇਸ ਦਾ ਕਾਰਣ ਤਾਂ ਇਹ ਹੈ ਕਿ ਮਨ ਦੀ ਤਹਿ ਤੋਂ ਤਾਂ ਓਹ ਇਸ ਜੀਵਨ ਨੂੰ ਤੁੱਛ ਤੇ ਸਦੀਵ ਜੀਵਨ ਦੀ ਹੋਂਦ ਨੂੰ ਤਾਂ ਅਸਲ ਤਤ ਅਨਭਵ ਕਰਦੇ ਹਨ। ਉਹ ਆਪਣੇ ਮਨ ਦੀ ਖੋਜ ਨਹੀਂ ਕਰਦੇ। ਉਹ ਤਾਂ ਉਤੋਂ ਉਤੋਂ ਹੀ ਇਸ ਜੀਵਨ ਨੂੰ ਸਭ ਕੁਝ ਕਹਿੰਦੇ ਹਨ। ਉਨ੍ਹਾਂ ਦੇ ਮਨਾਂ ਉਤੇ ਤਾਂ ਡੂੰਘਾ ਪਰਭਾਵ ਸਦੀਵ ਜੀਵਨ ਦਾ ਹੈ।

ਹੁਣ ਖੁਦਗਰਜ਼ੀ ਦਾ ਅਥਵਾ ਇਸ ਜੀਵਨ ਨੂੰ ਹੀ ਸਭ ਕੁਝ ਮੰਨਣ ਦਾ ਪਰਚਾਰ ਖੁਦਗਰਜ਼ੀ ਵਧਾਏਗਾ ਜੋ ਭਲੇ ਪੁਰਸ਼ ਪਿਛਲੇ ਜਨਮਾਂ ਦੇ ਸੰਸਕਾਰਾਂ ਕਰਕੇ (ਜਾਂ ਇਉਂ ਕਹੋ ਕਿ ਕੁਦਰਤੀ ਸੁਭਾ ਦੇ ਕਾਰਣ) ਇਸ ਵੇਲੇ ਬੇਗਰਜ਼ ਹਨ ਤੇ ਇਸ ਕਰਕੇ ਲੋਕਾਂ ਦੇ ਭਲੇ ਲਈ ਕੰਮ ਕਰਦੇ ਹਨ, ਉਹਨਾਂ ਉਤੇ ਭੀ ਖੁਦਗਰਜ਼ੀ ਦਾ ਪਰਚਾਰ ਕੁਝ ਨਾ ਕੁਝ ਅਸਰ ਪਾਏਗਾ ਧਰਮ ਤਾਂ ਇਸ ਜੀਵਨ ਨੂੰ ਤੁਛ ਸਮਝਕੇ ਸਦੀਵ ਜੀਵਨ ਲਈ, ਇਸ ਜੀਵਨ ਦੇ ਸੁਖਾਂ ਨੂੰ ਵਾਰਨ ਦਾ ਪਰਚਾਰ ਕਰਦਾ ਹੈ। ਧਰਮ ਬੇਗਰਜ਼ੀ ਦਾ ਪਰਚਾਰ ਕਰਦਾ ਹੈ। ਇਸ ਤਰ੍ਹਾਂ ਧਰਮ ਦੇ ਬੇਗਰਜ਼ੀ ਦਾ ਪਰਚਾਰ ਕਰਦੇ ਹੋਏ ਭੀ ਦੁਨੀਆਂ ਵਿਚ ਖੁਦਗਰਜ਼ੀ ਇਤਨੀ ਵਧ ਗਈ ਹੈ ਕਿ ਸਭ ਪਾਸੇ ਹਨੇਰਾ ਹੀ ਪੈ ਗਿਆ ਜਾਪਦਾ ਹੈ। ਪਰ ਜਦ ਪਰਚਾਰ ਹੀ ਖੁਦਗਰਜ਼ੀ ਦਾ ਹੋਣ ਲਗ ਪਿਆ ਹੈ ਤਾਂ ਟਕਾਣਾ ਕਿਥੇ ?

ਖੁਦਗਰਜ਼ੀ ਦਾ ਪ੍ਰਚਾਰ ਕਰਕੇ ਬੇਗਰਜ਼ੀ ਪੈਦਾ ਕਰਨ ਦਾ ਜਤਨ ਤਾਂ ਜ਼ਰੂਰ ਨਾਕਾਮਯਾਬ ਹੋਵੇਗਾ।

ਕਮਿਊਨਿਜ਼ਮ ਪਰਚਾਰ ਤਾਂ ਕਰਦਾ ਹੈ ਕਿ ਇਹ ਦੁਨੀਆਂ ਹੀ ਸਭ ਕੁਝ ਹੈ ਤੇ ਇਸ ਦੇ ਸੁਖ ਹੀ ਸਾਡਾ ਨਿਸ਼ਾਨਾ ਹੈ, ਪਰ ਨਾਲ ਜ਼ੋਰ ਦੇਂਦਾ ਹੈ ਕਿ ਦੁਨੀਆਂ ਦੇ ਸੁਖਾਂ ਦੀ ਵੰਡ ਇਨਸਾਫ ਅਨੁਸਾਰ ਹੋਣੀ ਚਾਹੀਦੀ ਹੈ। ਹੁਣ ਇਨਸਾਫ ਕਿਸ ਨੂੰ ਕਹਿੰਦੇ ਹਨ ? ਆਦਮੀ ਸਮੇਂ ਸਮੇਂ ਅਨੁਸਾਰ ਇਸ ਇਨਸਾਫ ਦੇ ਅਸੂਲ ਕਾਇਮ ਕਰਦਾ ਤੇ ਬਦਲਦਾ ਰਹਿੰਦਾ ਹੈ। ਕਦੀ ਤਾਂ ਇਨਸਾਫ ਇਸ ਨੂੰ ਸਮਝਿਆ ਜਾਂਦਾ ਸੀ ਕਿ ਜੋ ਕਿਸੇ ਦੇ ਪੁਤ ਨੂੰ ਮਾਰੇ ਉਸ ਦਾ ਪੁਤ ਉਸ ਨੂੰ ਮਾਰ ਦੇਵੇ ਤੇ ਉਸ ਦਾ ਖਾਨਦਾਨ ਮਾਰ ਦੇਵੇ। ਅਜ ਇਨਸਾਫ ਇਹ ਹੈ ਕਿ ਜੋ ਕਿਸੇ ਦੇ ਪੁਤ ਨੂੰ ਮਾਰੇ ਉਸ ਨੂੰ ਹੀ ਮਾਰੋ।

ਦਸੋ, ਜੋ ਇਨਸਾਫ ਦੇ ਕਾਇਦੇ ਬਣਾਣੇ ਤੇ

ਉਹਨਾਂ ਦੀ ਵਰਤੋਂ ਕਰਨਾ ਖ਼ੁਦਗਰਜ਼ਾਂ ਦੇ ਹੱਥ ਹੋਵੇਗਾ ਤਾਂ ਠੀਕ ਇਨਸਾਫ ਹੋਵੇਗਾ ਕਿ ਬੇਗਰਜ਼ਾਂ ਦੇ ਹੱਥ ਹੋਵੇਗਾ ਤਾਂ ਠੀਕ ਇਨਸਾਫ ਹੋਵੇਗਾ ? ਫਿਰ ਦਸੋ, ਬੇਗਰਜ਼ੀ ਦਾ ਪਰਚਾਰ ਕਰਨਾ ਇਨਸਾਫ ਲਈ ਵਾਯੂ-ਮੰਡਲ ਪੈਦਾ ਕਰੇਗਾ ਕਿ ਖ਼ੁਦਗਰਜ਼ੀ ਦਾ ਪਰਚਾਰ? ਫਿਰ ਦਸੋ। ਤੁਛ ਵਸਤੂ ਨੂੰ ਅਣਮੁਲੀ ਵਸਤੂ ਲਈ ਵਾਰੀਦਾ ਹੈ ਕਿ ਅਸਲ ਵਸਤੂ ਨੂੰ ਤੁਛ ਵਸਤੂਆਂ ਲਈ? ਹੁਣ ਸਮਝੋ, ਇਸ ਜੀਵਨ ਤੇ ਇਸ ਦੇ ਸੁਖਾਂ ਨੂੰ ਹੀ ਸਭ ਕੁਝ ਸਮਝਣਾ ਕੁਰਬਾਨੀ ਦਾ ਵਾਯੂ-ਮੰਡਲ ਪੈਦਾ ਕਰੇਗਾ ਕਿ ਇਹਨਾਂ ਨੂੰ ਤੁਛ ਮੰਨਣਾ ?

ਇਸ ਲਈ ਮੈਂ ਕਹਿੰਦਾ ਹਾਂ ਕਿ ਜਿਸ ਇਨਸਾਫ ਦੇ ਨਾਮ ਉਤੇ ਦੁਨੀਆਂ ਦੇ ਸੁਖ ਦੀ ਵਾਜਬ ਵੰਡ ਦੀ ਮੰਗ ਕੀਤੀ ਜਾ ਰਹੀ ਹੈ, ਉਸੇ ਇਨਸਾਫ ਦਾ ਵਾਯੂ-ਮੰਡਲ ਖਰਾਬ ਕੀਤਾ ਜਾ ਰਿਹਾ ਹੈ, ਵਾਜਬ ਵੰਡ ਚਾਹੁੰਦੇ ਹੋ ਤਾਂ ਧਰਮ ਦਾ ਪ੍ਰਚਾਰ ਕਰੋ ਤੇ ਬੇਗਰਜ਼ੀ ਵਧਾਓ। ਹੁਣ ਦੇ ਪਖੰਡੀ ਤੇ ਇਸ ਕਰਕੇ ਖ਼ੁਦਗਰਜ਼ ਧਰਮੀਆਂ ਦੇ ਪਖੰਡ ਤੋਂ ਘਬਰਾ ਕੇ ਕੁਰਾਹੇ ਨਾ ਪਵੋ। ਪਖੰਡ ਤਾਂ ਹਰ ਥਾਂ ਵੜ ਹੀ ਜਾਂਦਾ ਹੈ ਤੇ ਤੁਹਾਡੇ ਵਿਚ ਭੀ ਵੜ ਹੀ ਜਾਏਗਾ। ਇਸ ਲਈ ਕਮਿਊਨਿਜ਼ਮ ਜ਼ਰੂਰ ਫੇਹਲ ਹੋਵੇਗਾ, ਕਿਉਂਕਿ ਇਸ ਦਾ

ਨਿਸ਼ਾਨਾ ਇਨਸਾਫ ਹੈ ਤੇ ਇਸ ਦਾ ਪ੍ਰਚਾਰ ਖੁਦਗਰਜ਼ੀ ਪੈਦਾ ਕਰਨਾ ਹੈ। ਇਸ ਵੇਲੇ ਜੋ ਕਾਮਯਾਬੀ ਕਮਿਊਨਿਸਟਾਂ ਨੂੰ ਹੋ ਰਹੀ ਹੈ ਉਸ ਦਾ ਕਾਰਣ ਨਵੇਂ ਅਸੂਲਾਂ ਦੀ ਨਵੀਨਤਾ ਦਾ ਜੋਸ਼ ਹੈ ਜੋ ਕੁਰਬਾਨੀ ਦਾ ਕੁਦਰਤੀ ਸੁਭਾ ਰਖਨ ਵਾਲੇ ਨੌਜਵਾਨਾਂ ਨੂੰ ਸਦਾ ਹੀ ਖਿਚਿਆ ਕਰਦਾ ਹੈ। ਥੋੜੀ ਜੇਹੀ ਕਲ ਥਹੀ ਹੋ ਲੈਣ ਦਿਓ ਤੇ ਇਹ ਛੇਤੀ ਮੁਕ ਜਾਇਗੀ। ਕਮਿਊਨਿਜਮ ਨਾਕਾਮਯਾਬ ਹੋਵੇਗਾ ਕਿਉਂਕਿ ਆਪਣੀ ਨਾਕਾਮਯਾਬੀ ਲਈ ਇਹ ਪਰਚਾਰ ਕਰਦਾ ਹੈ। ਪਰਚਾਰ ਕਰਦਾ ਖੁਦਗਰਜ਼ੀ ਦਾ ਤੇ ਮੰਗ ਕਰਦਾ ਹੈ ਇਨਸਾਫ ਦੀ। ਇਹ ਉਸੇ ਤਰ੍ਹਾਂ ਦੀ ਗਲ ਹੈ ਜਿਸ ਤਰ੍ਹਾਂ ਕੋਈ ਦੁਹਾਈ ਪਾਏ ਕਿ ਮੈਨੂੰ ਪਰਸਿਓ ਔਖਾ ਕਰ ਰਿਹਾ ਹੈ ਤੇ ਅਗ ਦੇ ਹੋਰ ਨੇੜੇ ਹੁੰਦਾ ਜਾਵੇ। ਇਸ ਤਰ੍ਹਾਂ ਜਿਉਂ ਜਿਉਂ ਅਗ ਦਾ ਨੇੜ ਹੋਵੇਗਾ, ਤਿਉਂ ਤਿਉਂ ਪਰਸਿਓ ਵਧੇਗਾ, ਇਸੇ ਤਰ੍ਹਾਂ ਜਿਉਂ ਜਿਉਂ ਖੁਦਗਰਜੀ ਦਾ ਪ੍ਰਚਾਰ ਹੋਵੇਗਾ ਤਿਉਂ ਤਿਉਂ ਹੀ ਬੇ-ਇਨਸਾਫ਼ੀ ਵਧੇਗੀ। ਜਿਤਨਾ ਵੱਧ ਕੋਈ ਖੁਦਗਰਜ਼ ਹੈ ਉਤਨਾ ਵਧ ਓਹ ਬੇਇਨ-ਸਾਫ ਹੈ।

Kanwal Press Gandhi bazar Amritsar.

57414